10

Punjab Vidhan Sabha Debates

5th November, 1985

(Morning Sitting)

Vol. I-No. 10

OFFICIAL REPORT

CONTENTS

Tuesday, the 5th November, 1985

(Morning Sitting)

Punjab Vidhan Sabha Secretariat, Chandigarh.

Price : Rs. 33 50

PUNJAB VIDHAN SABHA

Tuesday, the 5th November, 1985

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A. M. of the Clock. Mr. Speaker (Sardar Ravi Inder Singh) in the Chair.

STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ: 41*

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

Appointment of Medical Officers at Sri Guru Teg Bahadur Hospital, Amritsar

***47. Shri Ashwani Sekhri**: Will the Minister for Health and Family Welfare be pleased to state whether there have been cases of supersession in the appointment of Medical Officers during the year 1985 in the Department of Orthopaedics at Sri Guru Teg Bahadur Hospital, Amritsar; if so, the reasons thereof?

ਸਰਦਾਰ ਬਸੰਤ ਸਿੰਘ ਖਾਲਸਾ : ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਆਰਥੋਪੈਡਿਕਸ ਵਿਭਾਗ ਵਿਚ, ਰਿਸਰਚ ਪ੍ਰਾਜੈਕਟ ਜੋ ਲੋਕ ਹਿੱਤ ਵਿਚ ਹੈ ਨੂੰ ਚਲਾਉਣ ਅਤੇ ਪ੍ਰੋਫੈਸਰ ਅਤੇ ਹੈਡ ਆਫ ਆਰਥੋਪੈਡਿਕਸ, ਮੈਡੀਕਲ ਕਾਲਜ, ਅੰਮ੍ਰਿਤਸਰ ਦੀ ਮੱਦਦ ਲਈ ਪੀ.ਸੀ.ਐਮ.ਐਸ.-2 ਕੇਡਰ ਵਿਚੋਂ ਇਕ ਮੈਡੀਕਲ ਅਫਸਰ ਨੂੰ ਮਿਤੀ 30 ਸਤੰਬਰ, 1985 ਨੂੰ ਲਗਾਇਆ ਗਿਆ ਸੀ । ਅਜਿਹਾ ਕਰਨ ਵਿਚ ਕਿਸੇ ਕਿਸਮ ਦਾ ਕੋਈ ਅਧਿਲੰਘਣ ਨਹੀਂ ਹੋ ਗਿਆ ।

ਸ੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਇਸ ਨਿਯੁਕਤੀ ਵਿਚ ਕੋਈ ਉਲੰਘਣਾ ਨਹੀਂ ਹੋਈ ਹੈ । ਪਰ ਜਿਹੜੇ 4000 ਡਾਕਟਰਜ਼ ਪਿੰਡਾਂ ਦੇ ਵਿਚ ਕੰਮ ਕਰ ਰਹੇ ਹਨ ਉਨ੍ਹਾਂ ਦੇ ਅਧਿਕਾਰਾਂ ਨੂੰ ਸੱਟ ਵੱਜੀ ਹੈ । ਇਹ ਇਸ ਕਰਕੇ ਪੋਸਟ ਦਿਤੀ ਗਈ ਹੈ ਤਾਕਿ ਇਕ ਵੀ.ਆਈ.ਪੀ. ਦੇ ਲੜਕੇ ਨੂੰ ਇਸ ਪੋਸਟ ਤੇ ਐਡਜਸਟ ਕੀਤਾ ਜਾ ਸਕੇ ਜਦ ਕਿ ਉਥੇ ਕੋਈ ਮੈਡੀਕਲ ਅਫਸਰ ਦੀ ਪੋਸਟ ਖਾਲੀ ਨਹੀਂ ਸੀ, ਇਸ ਨੂੰ ਪਹਿਲੇ ਕਰੀਏਟ ਕੀਤਾ ਗਿਆ ਅਤੇ ਫਿਰ ਲਗਾਇਆ ਗਿਆ । ਜਦ ਕਿ ਰੂਲਜ਼ ਦੇ ਮੁਤਾਬਿਕ ਇਸ ਪੋਸਟ ਨੂੰ ਪਹਿਲੇ ਐਡਵਰਟਾਈਜ਼ ਕੀਤਾ ਜਾਣਾ ਚਾਹੀਦਾ ਸੀ ਜਾਂ ਫਿਰ ਮੈਡੀਕਲ ਕਾਲਜ ਵਿਚ ਸਰਕੂਲਰ ਕੱਢਿਆ ਜਾਂਦਾ ਜਾਂ ਫਿਰ ਇਸ ਨੂੰ ਨੋਟਿਸ ਬੋਰਡ ਉਤੇ ਲਗਾਇਆ ਜਾਂਦਾ ਪਰ ਸਰਕਾਰ ਵਲੋਂ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਪ੍ਰੋਸੀਜਰ ਨੂੰ ਅਡਾਪਟ ਨਹੀਂ ਕੀਤਾ ਗਿਆ ਅਤੇ ਇਸ ਦੇ ਨਾਲ ਇਹ ਪੋਸਟ ਭਰਨ ਲਈ 2 ਸਾਲ ਦੀ ਰੂਰਲ ਸਰਵਿਸ ਵੀ ਜ਼ਰੂਰੀ ਸੀ, ਇਹ ਵੀ ਇਹ ਡਾਕਟਰ ਪੂਰੀ ਨਹੀਂ ਕਰਦਾ ਹੈ । ਅਗਰ ਇਹ ਸੁਪਰਸੈਸ਼ਨ ਨਹੀਂ ਹੈ ਤਾਂ ਹੋਰ ਕੀ ਹੈ ।

---

*Question No. 41 was later on put by the hon. Member & answered by the hon. Minister (Please see page 11)

ਸ੍ਰੀ ਸਪੀਕਰ : ਤੁਸੀਂ ਤਾਂ ਆਪਣੀ ਸਟੇਟਮੈਂਟ ਦੇ ਦਿਤੀ ਹੈ ਸਵਾਲ ਤਾਂ ਪੁੱਛ ਨਹੀਂ ਕੀਤਾ। ਮਨਿਸਟਰ ਸਾਹਿਬ, ਤੁਸੀਂ ਹੀ ਇਨ੍ਹਾਂ ਦਾ ਜਵਾਬ ਦੇ ਦਿਓ ਜਿਹੜੀ ਗੱਲ ਇਹ ਪੁਛਣਾ ਚਾਹੁੰਦੇ ਹਨ।

ਮੰਤਰੀ : ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਿੰਨੇ ਵੀ ਸਾਡੇ ਮੈਡੀਕਲ ਕਾਲਜ ਹਨ ਉਥੇ ਮੈਡੀਕਲ ਅਫਸਰਾਂ ਦੀਆਂ 25 ਫੀ ਸਦੀ ਪੋਸਟਾਂ ਐਸੀਆਂ ਹੁੰਦੀਆਂ ਹਨ ਜਿਹੜੀਆਂ ਮਹਿਕਮੇਂ ਵਿਚ ਮੱਦਦ ਦੇ ਲਈ ਲਗਾਈਆਂ ਜਾਂਦੀਆਂ ਹਨ। ਇਸ ਪੋਸਟ ਲਈ ਉਥੋਂ ਦੇ ਪ੍ਰੋਫੈਸਰ ਨੇ ਰਿਕੁਐਸਟ ਕੀਤੀ ਸੀ ਅਤੇ ਇਥੋਂ ਡਾਕਟਰ ਕਿਤੇ ਵੀ ਭੇਜਿਆ ਜਾ ਸਕਦਾ ਸੀ। ਇਹ ਕੋਈ ਐਸੀ ਪੋਸਟ ਨਹੀਂ ਸੀ ਜਿਸ ਦੇ ਲਈ ਐਡਵਰਟਾਈਜ਼ ਕਰਨ ਦੀ ਲੋੜ ਹੁੰਦੀ। ਇਹ ਇਕ ਰੁਟੀਨ ਵਰਕ ਸੀ। ਇਸ ਦੇ ਵਿਚ 2 ਸਾਲ ਦੀ ਤਰੱਕੀ ਨਹੀਂ ਗਿਣੀ ਜਾਵੇਗੀ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹਸਪਤਾਲਾਂ ਦੇ ਵਿਚ ਡਾਕਟਰਾਂ ਦੀ ਸ਼ਾਰਟੇਜ ਕਰ ਕੇ ਬੜੀਆਂ ਪ੍ਰਾਬਲਮਜ਼ ਹਨ। 300-400 ਡਾਕਟਰ ਐਸੇ ਹਨ ਜਿਨ੍ਹਾਂ ਨੂੰ ਸਰਵਿਸ ਦੇ ਵਿਚ ਲੱਗੇ ਨੂੰ 2-2, 3-3 ਸਾਲ ਹੋ ਗਏ ਹਨ ਉਨ੍ਹਾਂ ਡਾਕਟਰਜ਼ ਨੂੰ ਸਰਕਾਰ ਰੈਗੂਲਰ ਨਹੀਂ ਕਰ ਰਹੀ ਅਤੇ ਉਹ ਐਡਹਾਕ ਤੇ ਹੀ ਚੱਲ ਰਹੇ ਹਨ। ਕੀ ਸਰਕਾਰ ਇਨ੍ਹਾਂ ਡਾਕਟਰਜ਼ ਨੂੰ ਰੈਗੂਲਰ ਕਰਨ ਲਈ ਪਬਲਿਕ ਸਰਵਿਸ ਕਮਿਸ਼ਨ ਦੇ ਘੇਰੇ ਵਿਚੋਂ ਕੱਢਣ ਲਈ ਤਿਆਰ ਹੈ ? ਕੀ ਸਰਕਾਰ ਇਸ ਦਾ ਫੈਸਲਾ ਕੈਬਨਿਟ ਦੀ ਮੀਟਿੰਗ ਵਿਚ ਕਰਨ ਲਈ ਤਿਆਰ ਹਨ ਅਤੇ ਜਿਨ੍ਹਾਂ ਡਾਕਟਰਜ਼ ਦੀ 2 ਸਾਲਾਂ ਦੀ ਸਰਵਿਸ ਹੋ ਗਈ ਹੈ ਉਨ੍ਹਾਂ ਨੂੰ ਰੈਗੂਲਰ ਕਰਨ ਲਈ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਪੋਸਟਾਂ ਪਬਲਿਕ ਸਰਵਿਸ ਕਮਿਸ਼ਨ ਭਰਦਾ ਹੈ ਪਰ ਅਸੀਂ ਇਨ੍ਹਾਂ ਪੋਸਟਾਂ ਨੂੰ ਐਡਵਰਟਾਈਜ਼ ਕਰ ਕੇ ਇਹ ਪੋਸਟਾਂ ਡਾਕਟਰਜ਼ ਦੀਆਂ ਭਰੀਆਂ ਸਨ ਅਤੇ ਇਨ੍ਹਾਂ ਨੂੰ 2-3 ਸਾਲ ਹੋ ਗਏ ਹਨ ਔਰ ਅਸੀਂ ਪਬਲਿਕ ਸਰਵਿਸ ਕਮਿਸ਼ਨ ਨੂੰ ਕਹਿ ਰਹੇ ਹਾਂ ਕਿ ਇਨ੍ਹਾਂ ਡਾਕਟਰਜ਼ ਦੀ ਮਨਜ਼ੂਰੀ ਸਾਨੂੰ ਦਿਤੀ ਜਾਵੇ ਪਰ ਉਹ ਆਪਣੇ ਪ੍ਰੋਸੀਜਰ ਦੇ ਹਿਸਾਬ ਨਾਲ ਚਲਦੇ ਹਨ ਅਤੇ ਉਨ੍ਹਾਂ ਨੇ ਰੈਗੂਲਰ ਹੋਣ ਵਾਲੇ ਡਾਕਟਰਜ਼ ਦੀ ਲਿਸਟ ਸਾਡੇ ਕੋਲੋਂ ਮੰਗੀ ਹੈ।

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਨਿਯੁਕਤੀ ਦੇ ਖਿਲਾਫ ਸਰਕਾਰ ਦੇ ਪਾਸ ਡਾਕਟਰਜ਼ ਦੀਆਂ ਰਿਪ੍ਰਜ਼ੈਂਟੇਸ਼ਨਾਂ ਆਈਆਂ ਹਨ ਅਤੇ ਉਨ੍ਹਾਂ ਨੇ ਪ੍ਰੋਟੈਸਟ ਵੀ ਕੀਤਾ ਹੈ। ਕੀ ਇਹ ਸੀਨੀਆਰਟੀ ਦੇ ਖਿਲਾਫ ਨਿਯੁਕਤੀ ਨਹੀਂ ਕੀਤੀ ਗਈ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਸ ਨਿਯੁਕਤੀ ਦੇ ਖਿਲਾਫ ਰਿਪ੍ਰਜ਼ੈਂਟੇਸ਼ਨਾਂ ਸਰਕਾਰ ਕੋਲੋਂ ਆਈਆਂ ਹਨ। ਇਹ ਇਕ ਰੁਟੀਨ ਅਤੇ ਸਾਧਾਰਨ ਤੌਰ ਦੀ ਨਿਯੁਕਤੀ ਸੀ। ਇਸ ਦਾ ਅਸਰ ਕਿਸੇ ਦੀ ਪਰਮੋਸ਼ਨ ਤੇ ਨਹੀਂ ਪਵੇਗਾ ਅਤੇ ਨਾ ਕਿਸੇ ਦੇ ਐਡਮਿਸ਼ਨ ਵਿਚ ਅਤੇ ਨਾ ਹੀ ਇਹ ਸਰਵਿਸ, ਟੀਚਿੰਗ ਸਰਵਿਸ ਵਿਚ ਗਿਣੀ ਜਾਵੇਗੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਤੋਂ ਇਹ ਰਿਵਾਜ ਚਲਿਆ ਆ ਰਿਹਾ ਹੈ ਕਿ ਜਿਹੜੇ ਅਸਰ ਰਸੂਖ ਵਾਲੇ ਮੈਡੀਕਲ ਅਫਸਰ ਕਲਾਸ-2 ਦੇ ਹਨ ਉਹ ਜਿਥੇ ਚਾਹੁਣ ਆਪਣੀ ਟਰਾਂਸਫਰ ਕਰਵਾ ਲੈਂਦੇ ਹਨ ਔਰ ਉਹ ਪਿੰਡਾਂ ਵਿਚ ਜਾਂਦੇ ਤੱਕ ਨਹੀਂ ਹਨ ਜਿਸ ਦੇ ਕਾਰਣ ਪਿੰਡਾਂ ਦੀਆਂ ਡਿਸਪੈਂਸਰੀਆਂ ਵਿਚ ਡਾਕਟਰ ਜਾਂਦੇ ਨਹੀਂ ਹਨ। ਕੀ ਸਰਕਾਰ ਇਨ੍ਹਾਂ ਪਿੰਡਾਂ ਦੀਆਂ ਡਿਸਪੈਂਸਰੀਆਂ ਨੂੰ ਮੈਡੀਕਲ ਕਾਲਜਾਂ ਦੇ ਨਾਲ ਅਟੈਚ ਕਰੇਗੀ ਤਾਕਿ ਇਨ੍ਹਾਂ ਪੇਂਡੂ ਡਿਸਪੈਂਸਰੀਆਂ ਨੂੰ ਹਰ ਵਕਤ ਡਾਕਟਰਾਂ ਦੀ ਸਰਵਿਸ ਅਵੇਲੇਬਲ ਹੋ ਸਕੇ ਅਤੇ ਫਾਇਦਾ ਉਠਾ ਸਕਣ। ਕੀ ਸਰਕਾਰ ਇਹ ਪ੍ਰਬੰਧ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲੇ ਇਹ ਗੱਲ ਕਹੀ ਹੈ ਕਿ ਇਹ ਜਿਹੜਾ ਡਾਕਟਰ ਲਗਾ ਹੈ ਇਹ ਤਾਂ ਇਸ ਤਰ੍ਹਾਂ ਸੀ ਕਿ ਮੈਡੀਕਲ ਕਾਲਜ ਦੇ ਵਿਚ 20-25 ਡਾਕਟਰ ਲੱਗੇ ਹੁੰਦੇ ਹਨ ਅਤੇ ਉਥੇ ਦੇ ਪ੍ਰੋਫੈਸਰ ਨੇ ਇਕ ਐਕਸਟਰਾ ਡਾਕਟਰ ਦੀ ਰਿਕੁਐਸਟ ਕੀਤੀ ਸੀ ਜਿਸ ਦੇ ਲਈ ਉਥੇ ਇਹ ਡਾਕਟਰ ਭੇਜਿਆ ਗਿਆ ਸੀ । ਇਹ ਇਕ ਰੁਟੀਨ ਵਰਕ ਸੀ ਅਤੇ ਇਸ ਦੇ ਵਿਚ ਕੋਈ ਪੁਲੀਟੀਕਲ ਦਬਾਅ ਵਾਲੀ ਕੋਈ ਗੱਲ ਨਹੀਂ ਸੀ । ਸਪੀਕਰ ਸਾਹਿਬ, ਪਾਂਧੀ ਸਾਹਿਬ ਦੇ ਸਵਾਲ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ ।

ਸ੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਅਗਲੇ ਮਹੀਨੇ ਉਥੇ ਪੋਸਟ ਗਰੈਜੂਏਟ ਦੇ ਲਈ ਐਡਮਿਸ਼ਨ ਹੋ ਰਹੇ ਹਨ ਜਿਸ ਦੇ ਲਈ ਇਸ ਡਾਕਟਰ ਨੂੰ ਨਿਯੁਕਤ ਕੀਤਾ ਗਿਆ ਹੈ ਅਤੇ ਉਸ ਨੂੰ ਮੈਡੀਕਲ ਕਾਲਜ ਦੇ ਆਰਥੋਪੈਡਿਕਸ ਵਿਭਾਗ ਵਿਚ ਐਡਮਿਸ਼ਨ ਦੇਣ ਲਈ ਇਹ ਪੋਸਟ ਕਰੀਏਟ ਕੀਤੀ ਗਈ ਹੈ । ਮੈਂ ਮਨਿਸਟਰ ਸਾਹਿਬ ਤੋਂ ਇਸ ਡਾਕਟਰ ਦਾ ਨਾਂ ਅਤੇ ਪਿਤਾ ਦਾ ਨਾਂ ਪੁੱਛਣਾ ਚਾਹੁੰਦਾ ਹਾਂ ? ਇਸ ਨਿਯੁਕਤੀ ਦੇ ਨਾਲ 4000 ਡਾਕਟਰਜ਼ ਦੇ ਵਿਚ ਰੋਸ ਹੈ ।

ਮੰਤਰੀ : ਸਪੀਕਰ ਸਾਹਿਬ, ਇਸ ਡਾਕਟਰ ਦਾ ਨਾਂ ਬੀਰ ਬੇਅੰਤ ਸਿੰਘ ਹੈ ਔਰ ਇਸ ਦੇ ਪਿਤਾ ਦੇ ਨਾਂ ਤੱਕ ਜਾਣ ਦੀ ਲੋੜ ਨਹੀਂ ਹੈ । ਇਹ ਇਕ ਸੈਪਰੇਟ ਸਵਾਲ ਹੈ । ਇਹ ਲਿਖ ਕੇ ਭੇਜ ਦੇਣ ਅਸੀਂ ਇਸ ਦਾ ਵੀ ਜਵਾਬ ਦੇ ਦੇਵਾਂਗੇ ।

Starred Question No. 43

Mr. Speaker : Extension has been asked for in respect of Starred Question Number 43*.

Setting up of separate Directorates for Scheduled Castes and Social Welfare

***33. Shri Jagjit Singh** : Will the Chief Minister be pleased to state whether the Government propose to set up two separate Directorates for the welfare of Scheduled Castes and Backward Classes and Social Welfare in the State; if so, the time by which the decision thereof is likely to be taken ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਡਾਇਰੈਕਟੋਰੇਟ ਸੋਸ਼ਲ ਵੈਲਫੇਅਰ ਅਤੇ ਡਾਇਰੈਕਟੋ-ਰੇਟ, ਸ਼ਡਿਊਲਡ ਕਾਸਟ ਨੂੰ ਅਲੱਗ ਅਲੱਗ ਕਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਸਪੀਕਰ ਸਾਹਿਬ, ਸ਼ਡਿਊਲਡ ਕਾਸਟ ਦੀਆਂ ਬਹੁਤ ਸਾਰੀਆਂ ਸਕੀਮਾਂ ਐਸੀਆਂ ਹਨ ਜਿਹੜੀਆਂ ਡਾਇਰੈਕ-ਟੋਰੇਟ ਇਕੱਠਾ ਹੋਣ ਕਰ ਕੇ ਸਿਰੇ ਨਹੀਂ ਚੜ੍ਹਦੀਆਂ ਅਤੇ ਇਨ੍ਹਾਂ ਸਕੀਮਾਂ ਦੀਆਂ ਪੂਰੀ ਨਿਗਰਾਨੀ ਵੀ ਨਹੀਂ

---

*For Starred Question No. 43 and reply thereto, please see Appendix to this Debate.

ਹੁੰਦੀ ਅਤੇ ਇਨ੍ਹਾਂ ਸਕੀਮਾਂ ਦਾ ਬਹੁਤ ਸਾਰਾ ਪੈਸਾ ਵੀ ਲੈਪਸ ਹੋ ਜਾਂਦਾ ਹੈ। ਇਸ ਲਈ ਸਰਕਾਰ ਇਸ ਨੂੰ ਡਾਇਰੈਕਟਰ, ਸੋਸ਼ਲ ਵੈਲਫੇਅਰ ਤੋਂ ਅਲਹਿਦਾ ਛੇਤੀ ਤੋਂ ਛੇਤੀ ਕਰ ਦਿਤਾ ਜਾਵੇ ਤਾਂਕਿ ਜਿਹੜੀਆਂ ਸ਼ਡਿਊਲਡ ਕਾਸਟ ਦੀਆਂ ਸਕੀਮਾਂ ਹਨ ਉਹ ਸਿਰੇ ਚੜ੍ਹ ਸਕਣ।

ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਹ ਕਦੋਂ ਤਕ ਡਾਇਰੈਕਟੋਰੇਟ ਨੂੰ ਸੈਪਰੇਟ ਕਰ ਦੇਣਗੇ ?

ਮੁੱਖ ਮੰਤਰੀ : ਪਹਿਲਾਂ, ਸਪੀਕਰ ਸਾਹਿਬ, ਬਹੁਤ ਸਮਾਂ ਮੈਂਬਰ ਸਾਹਿਬਾਨ ਪ੍ਰੈਸ ਨਹੀਂ ਕਰ ਸਕੇ। ਇਸ ਵਿਚ ਕਾਫੀ ਗੱਲਾਂ ਵਿਚਾਰਨ ਵਾਲੀਆਂ ਹਨ, ਵਿਚਾਰ ਕਰ ਕੇ ਫੈਸਲਾ ਕਰਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ : ਇਹ ਮਾਮਲਾ ਬਹੁਤ ਸੰਗੀਨ ਹੈ। ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਹੀ ਜਵਾਬ ਹਮੇਸ਼ਾ ਆਉਂਦਾ ਰਿਹਾ ਹੈ। ਮੁੱਖ ਮੰਤਰੀ ਸਾਹਿਬ, ਇਸ ਦਾ ਫੈਸਲਾ ਛੇਤੀ ਕਰ ਦੇਣ ? ਦੋ ਡਾਇਰੈਕਟੋਰੇਟ ਵੈਲਫੇਅਰ ਆਫ ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਅਤੇ ਸੋਸ਼ਲ ਵੈਲਫੇਅਰ ਬਣਾਉਣੇ ਹਨ। ਕੀ ਸਪੀਕਰ ਸਾਹਿਬ, ਇਸ ਵਿਚ ਅਫਸਰਾਂ ਦੀ ਸ਼ਾਰਟੇਜ ਹੈ ? ਜਿਹੜਾ ਡਾਇਰੈਕਟਰ ਉਥੇ ਇਕ ਹੈ, ਉਹ ਦਫਤਰ ਵਿਚ ਨਹੀਂ ਜਾਂਦਾ ਅਤੇ ਸਾਰਾ ਕੰਮ ਬੰਦ ਪਿਆ ਹੈ। ਪਛੜੀਆਂ ਸ਼੍ਰੇਣੀਆਂ ਦੇ ਸੁਧਾਰ ਲਈ ਅਤੇ ਉਸ ਅਫਸਰ ਨੂੰ ਸੁਧਾਰਨ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ ਤਾਕਿ ਸਾਰਾ ਕੰਮ ਠੀਕ ਹੋ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਡਾਇਰੈਕਟਰ ਕੰਮ ਨਹੀਂ ਕਰਦਾ, ਉਸ ਨੂੰ ਪਹਿਲਾਂ ਕੰਮ ਕਰਨ ਲਾਵਾਂਗੇ। (ਥੰਪਿੰਗ) ਪਾਂਧੀ ਸਾਹਿਬ ਦੀ ਜੋ ਸੁਜੈਸ਼ਨ ਹੈ, ਉਸ ਨੂੰ ਜਲਦੀ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ।

ਸ਼੍ਰੀ ਸ਼ਿਵ ਚੰਦ ਮਲੌਟ : ਸਪੀਕਰ ਸਾਹਿਬ, ਇਹ ਪਛੜਿਆ ਹੋਇਆ ਵਰਗ ਹੈ। ਮੁੱਖ ਮੰਤਰੀ ਸਾਹਿਬ ਨੇ ਕੱਲ੍ਹ ਸਰਬੱਤ ਦੇ ਭਲੇ ਦੀ ਗੱਲ ਕੀਤੀ ਹੈ। ਪਛੜੀਆਂ ਸ਼੍ਰੇਣੀਆਂ ਦੀ ਦਿਨ-ਬਦਿਨ ਬੁਰੀ ਹਾਲਤ ਹੋ ਰਹੀ ਹੈ। ਇਹ ਦੋ ਡਾਇਰੈਕਟੋਰੇਟ ਦਾ ਕੰਮ ਰੁਕਿਆ ਹੋਇਆ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

Collecting of Additional Excise Duty

*18. **Smt. Indira Narinder Singh** : Will the Minister for Finance be pleased to state :—

(a) whether it is a fact that the Government is collecting additional excise duty in lieu of Octroi on liquor imported in the State since 1st April, 1982; if so, the amount collected so far ;

(b) whether the amount of additional excise duty collected by Excise and Taxation Department is being reimbursed to various Municipal Corporations and Cantonment Board, Jalandhar; if so, the amount of additional excise duty in lieu of octroi collected on behalf of Jalandhar Cantonment Board during the year 1984-85 ;

(c) whether the amount so collected has been paid to the Cantonment Board, Jalandhar; if so, the date thereof and if not; the reasons for not making payment ?

ਸਰਦਾਰ ਬਲਵੰਤ ਸਿੰਘ (ਵਿੱਤ ਮੰਤਰੀ) : (ੳ) ਹਾਂ ਜੀ, ਮਿਤੀ 1 ਅਪ੍ਰੈਲ, 1982 ਤੋਂ 31 ਮਾਰਚ, 1985 ਤੀਕ 20, 24, 42, 924.85 ਰੁ: ਵਸੂਲ ਕੀਤੇ ਗਏ।

(ਅ) ਹਾਂ ਜੀ, ਸਾਲ 1984-85 ਵਿਚ ਜਲੰਧਰ ਕੈਨਟੋਨਮੈਂਟ ਬੋਰਡ ਦੇ ਖੇਤਰ ਵਿਚੋਂ ਐਡੀਸ਼ਨਲ ਐਕਸਾਈਜ਼ ਡਿਊਟੀ ਦੇ ਤੌਰ ਤੇ ਰੁ: 1,04,91,160.00 ਪੈ: ਵਸੂਲ ਕੀਤੇ ਗਏ।

(ੲ) ਜਲੰਧਰ ਕੈਨਟੋਨਮੈਂਟ ਬੋਰਡ ਨੂੰ ਅਦਾਇਗੀ ਲੋੜੀਂਦੀ ਮੋਡੈਲੀਟੀਜ਼ ਤਹਿ ਕਰਨ ਉਪਰੰਤ ਕੀਤੀ ਜਾਵੇਗੀ।

Smt. Indira Narinder Singh : I would request the hon. Minister to let me know as to when the payment to the Jalandhar Cantonment Board and other bodies would be made ?

Minister : We are trying to sort out a system, particularly the Head in the Finance Department through which this money should go to the respective Cantonment Boards, Municipal Committees, Municipal Corporations and the Panchayats.

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਟੈਕਸ ਇਕੱਠਾ ਕਰਨ ਦਾ ਜਿਹੜਾ ਫੈਸਲਾ ਹੋਇਆ ਹੈ ਤਾਕਿ ਫੌਰਨ ਪੇਮੈਂਟ ਹੋ ਜਾਵੇ, ਕਾਰਪੋਰੇਸ਼ਨ ਨੂੰ ਕੋਈ ਪੈਸਾ ਨਹੀਂ ਦਿਤਾ ਜਾਂਦਾ। ਸਪੀਕਰ ਸਾਹਿਬ, ਕਾਰਪੋਰੇਸ਼ਨਾਂ ਭੁਖੀਆਂ ਮਰ ਰਹੀਆਂ ਹਨ ਅਤੇ ਕਾਰਪੋਰੇਸ਼ਨਾਂ ਦੇ ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ। ਸੀਵਰੇਜ ਦਾ ਸਾਰਾ ਕੰਮ ਠੱਪ ਹੋ ਗਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਹ ਪੇਮੈਂਟ ਜਲਦੀ ਤੋਂ ਜਲਦੀ ਲੋਕਲ ਬਾਡੀਜ਼ ਨੂੰ ਦਿਵਾਉਣ। ਇਹ ਪੇਮੈਂਟ ਬਹੁਤ ਜ਼ਰੂਰੀ ਹੈ ਅਤੇ ਕੀ ਜਲਦੀ ਤੋਂ ਜਲਦੀ ਉਨ੍ਹਾਂ ਨੂੰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ 1982 ਵਿਚ ਫੈਸਲਾ ਕੀਤਾ ਸੀ ਅਤੇ 1 ਅਪ੍ਰੈਲ, 1982 ਤੋਂ ਲੈਣਾ ਸ਼ੁਰੂ ਕੀਤਾ ਸੀ ਪਰ ਪਿਛਲੀ ਸਰਕਾਰ ਨੇ ਰੁਪਿਆ ਦਬਾ ਕੇ ਰਖਿਆ। ਇਹ ਪੈਸਾ ਮਿਉਂਸਪਲ ਕਮੇਟੀਆਂ ਅਤੇ ਲੋਕਲ ਬਾਡੀਜ਼ ਨੂੰ ਪਿਛਲੇ ਚਾਰ ਸਾਲ ਤੋਂ ਨਹੀਂ ਦਿਤਾ, ਉਹ ਅਸੀਂ ਦੇਵਾਂਗੇ। (ਥੰਪਿੰਗ)

Harijan Dharamshalas in the State

***34. Shri Jagjit Singh** : Will the Chief Minister be pleased to state:—

(a) the district-wise number of villages in the State in which Harijan Dharamshalas have since been constructed;

(b) the District-wise number of such Dharamshalas which are still under construction;

(c) the number of villages in which Dharamshalas for Harijans have not so far been constructed together with the time by which the said Dharamshalas are likely to be constructed ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ਏ), (ਬੀ), (ਸੀ) ਸੂਚੀ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ।

[ਮੁੱਖ ਮੰਤਰੀ]

(ਏ) ਪਿੰਡ ਜਿਥੇ ਧਰਮਸ਼ਾਲਾਂ ਬਣ ਚੁਕੀਆਂ ਹਨ ।

ਲੜੀ ਨੰ:	ਜ਼ਿਲ੍ਹਾ		ਪਿੰਡ
1.	ਅੰਮ੍ਰਿਤਸਰ	...	1,036
2.	ਬਠਿੰਡਾ	...	516
3.	ਫਰੀਦਕੋਟ	...	556
4.	ਫਿਰੋਜ਼ਪੁਰ	...	627
5.	ਗੁਰਦਾਸਪੁਰ	...	1,142
6.	ਹੁਸ਼ਿਆਰਪੁਰ	...	1,007
7.	ਜਲੰਧਰ	...	1,045
8.	ਲੁਧਿਆਣਾ	...	889
9.	ਕਪੂਰਥਲਾ	...	369
10.	ਪਟਿਆਲਾ	...	966
11.	ਰੋਪੜ	...	645
12.	ਸੰਗਰੂਰ	...	679
			9,477 ਪਿੰਡ

(ਬੀ) ਪਿੰਡ ਜਿਥੇ ਧਰਮਸ਼ਾਲਾਂ ਉਸਾਰੀ ਅਧੀਨ ਹਨ ।

1.	ਅੰਮ੍ਰਿਤਸਰ	...	188	ਧਰਮਸ਼ਾਲਾਂ
2.	ਬਠਿੰਡਾ	...	35	,,
3.	ਫਰੀਦ ਕੋਟ	...	58	,,
4.	ਫਿਰੋਜ਼ਪੁਰ	...	184	,,
5.	ਗੁਰਦਾਸਪੁਰ	...	238	,,
6.	ਹੁਸ਼ਿਆਰਪੁਰ	...	141	,,
7.	ਜਲੰਧਰ	...	40	,,
8.	ਲੁਧਿਆਣਾ	...	41	,,
9.	ਕਪੂਰਥਲਾ	...	33	,,
10.	ਪਟਿਆਲਾ	...	22	,,
11.	ਰੋਪੜ	...	78	,,
12.	ਸੰਗਰੂਰ	...	51	,,
			1,109	ਧਰਮਸ਼ਾਲਾਂ

(ਸੀ) ਪਿੰਡ ਜਿਥੇ ਅਜੇ ਧਰਮਸ਼ਾਲਾ ਬਣਨੀਆਂ ਹਨ ।

ਲੜੀ ਨੰ:	ਜ਼ਿਲ੍ਹਾ		ਪਿੰਡ	
1.	ਅੰਮ੍ਰਿਤਸਰ	...	30	ਪਿੰਡ
2.	ਬਠਿੰਡਾ	...	1	,,
3.	ਫਰੀਦ ਕੋਟ	...	3	,,
4.	ਫਿਰੋਜ਼ਪੁਰ	...	243	,,
5.	ਗੁਰਦਾਸਪੁਰ	...	129	,,
6.	ਹੁਸ਼ਿਆਰਪੁਰ	...	396	,,
7.	ਜਲੰਧਰ	...	102	,,
8.	ਲੁਧਿਆਣਾ	...	37	,,
9.	ਕਪੂਰਥਲਾ	...	105	,,
10.	ਪਟਿਆਲਾ	...	338	,,
11.	ਰੋਪੜ	...	114	,,
12.	ਸੰਗਰੂਰ	...	13	,,
			1,511	ਪਿੰਡ

ਇਸ ਤੋਂ ਇਲਾਵਾ ਹੋਰ 1,200 ਪਿੰਡ ਅਜਿਹੇ ਹਨ ਜਿਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਨਹੀਂ । ਇਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਂ ਬਣਾਉਣ ਦਾ ਸਮਾਂ ਫੰਡਾਂ ਦੇ ਉਪ ਲੱਭਧ ਹੋਣ ਤੇ ਨਿਰਭਰ ਕਰਦਾ ਹੈ ।

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ 9,477 ਧਰਮਸ਼ਾਲਾ ਬਣ ਚੁਕੀਆਂ ਹਨ ਅਤੇ 1,109 ਧਰਮਸ਼ਾਲਾ ਅੰਡਰ ਕੰਸਿਡਰੇਸ਼ਨ ਹਨ । ਮੈਂ ਸੀ. ਐਮ. ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਹੋਰ ਧਰਮਸ਼ਾਲਾਂ ਬਣਾਉਣ ਵਾਸਤੇ ਉਸ ਲਈ ਪੈਸਾ ਰੱਖਣ ਵਾਸਤੇ ਅਨਾਊਂਸਮੈਂਟ ਕੀਤਾ ਹੈ । ਜਿਹੜੀਆਂ ਸਪੀਕਰ ਸਾਹਿਬ, ਧਰਮਸ਼ਾਲਾਂ ਅਧੂਰੀਆਂ ਹਨ, ਜੇਕਰ ਉਨ੍ਹਾਂ ਨੂੰ ਹੋਰ ਗਰਾਂਟ ਨਾ ਦਿੱਤੀ ਗਈ ਤਾਂ ਉਹ ਪੂਰੀਆਂ ਨਹੀਂ ਹੋ ਸਕਣਗੀਆਂ । ਕੀ ਮੁੱਖ ਮੰਤਰੀ ਸਾਹਿਬ, ਇਨ੍ਹਾਂ ਧਰਮਸ਼ਾਲਾ ਨੂੰ ਗਰਾਂਟ ਦੇ ਕੇ ਪੂਰੀਆਂ ਕਰਵਾਉਣਗੇ ?

ਮੁੱਖ ਮੰਤਰੀ : ਇਨ੍ਹਾਂ ਧਰਮਸ਼ਾਲਾਂ ਨੂੰ ਪੂਰੀਆਂ ਕਰਨ ਵਾਸਤੇ ਕਿਤਨੇ ਪੈਸੇ ਦੀ ਲੋੜ ਹੈ, ਉਸ ਦਾ ਪਤਾ ਕਰਾ ਕੇ ਪੈਸੇ ਉਪਲੱਭਧ ਕੀਤੇ ਜਾਣਗੇ ।

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, 1,511 ਪਿੰਡਾਂ ਵਿਚ ਧਰਮਸ਼ਾਲਾਂ ਨਹੀਂ ਬਣੀਆਂ । ਮੈਂ ਸੀ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਧਰਮਸ਼ਾਲਾਂ ਵਾਸਤੇ ਕਦੋਂ ਤਕ ਪੈਸੇ ਦੇ ਦਿੱਤੇ ਜਾਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪਰਾਇਰਟੀ ਇਨ੍ਹਾਂ ਪਿੰਡਾਂ ਨੂੰ ਦਿੱਤੀ ਜਾਵੇਗੀ। ਕਈ ਪਿੰਡ ਐਸੇ ਹਨ ਜਿਥੇ ਪਿਛਲੀ ਸਰਕਾਰ ਨੇ ਇੱਕ ਤੋਂ ਵੱਧ ਧਰਮਸ਼ਾਲਾਂ ਬਣਾ ਦਿੱਤੀਆਂ ਹਨ ਪਰ ਕਈ ਪਿੰਡਾਂ ਵਿਚ ਕੋਈ ਧਰਮਸ਼ਾਲਾ ਨਹੀਂ ਬਣਾਈ । ਜਿਥੇ ਕੋਈ ਧਰਮਸ਼ਾਲਾ ਨਹੀਂ ਹੈ, ਉਸ ਪਿੰਡ ਨੂੰ ਪਹਿਲ ਦਿੱਤੀ ਜਾਵੇਗੀ । (ਥੰਪਿੰਗ)

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੇਰੇ ਹਲਕੇ ਦੇ 40 ਪਿੰਡਾਂ ਵਿਚ ਗਬਨ ਹੋਇਆ ਹੈ। ਉਨ੍ਹਾਂ ਪਿੰਡਾਂ ਵਿਚ ਗਰਾਂਟ ਦੇ ਕੇ ਵਾਪਸ ਲਿੱਤੀ ਗਈ। ਕੀ ਮੁੱਖ ਮੰਤਰੀ ਸਾਹਿਬ, ਉਨ੍ਹਾਂ ਪਿੰਡਾਂ ਨੂੰ ਗਰਾਂਟ ਦੇ ਕੇ ਧਰਮ ਸ਼ਾਲਾ ਪੂਰੀਆਂ ਕਰਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਉਹ ਮੈਨੂੰ ਦੱਸ ਦੇਣ। ਮੈਂ ਉਨ੍ਹਾਂ ਦੀ ਪੜਤਾਲ ਕਰਾ ਲਵਾਂਗਾ ।

ਗਿਆਨੀ ਅਰਜਨ ਸਿੰਘ ਲਿੱਟ : ਕੀ ਮੁੱਖ ਮੰਤਰੀ ਸਾਹਿਬ, ਪਿਛਲੇ ਪੰਜ ਸਾਲਾਂ ਵਿਚ ਕਿਤਨੀਆਂ ਧਰਮਸ਼ਾਲਾ ਬਣੀਆਂ ਹਨ ਅਤੇ ਕਿਤਨੀਆਂ ਧਰਮਸ਼ਾਲਾਂ ਦੀ ਮੁਰੰਮਤ ਹੋਈ ਹੈ, ਉਸ ਬਾਰੇ ਦੱਸਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪੰਜ ਸਾਲਾਂ ਬਾਰੇ ਸੈਪਰੇਟ ਸਵਾਲ ਕਰਨਾ ਪਏਗਾ ਤਾਂ ਫਿਰ ਦੱਸ ਦਿੱਤਾ ਜਾਵੇਗਾ ।

ਪੰਡਿਤ ਸਰਵਣ ਰਾਮ ਮਾਨਸੋਵਾਲੀਆ : ਸਪੀਕਰ ਸਾਹਿਬ, ਮੇਰਾ ਕੰਢੀ ਦਾ ਏਰੀਆ ਹੈ । ਉਥੇ ਅਜੇ ਤਕ ਧਰਮਸ਼ਾਲਾਂ ਬਣਨੀਆਂ ਰਹਿੰਦੀਆਂ ਹਨ। ਕੀ ਮੁੱਖ ਮੰਤਰੀ ਸਾਹਿਬ, ਮੇਰੇ ਕੰਢੀ ਇਲਾਕੇ ਵਿਚ ਧਰਮਸ਼ਾਲਾ ਬਨਾਉਣ ਵਾਸਤੇ ਪਹਿਲ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਕੰਢੀ ਏਰੀਆ ਹੁਸ਼ਿਆਰ ਪੁਰ ਇਲਾਕੇ ਵਿਚ ਆਉਂਦਾ ਹੈ। ਹੁਸ਼ਿਆਰਪੁਰ ਵਿਚ 1,007 ਧਰਮਸ਼ਾਲਾ ਬਣ ਚੁੱਕੀਆਂ ਹਨ। 141 ਧਰਮਸ਼ਾਲਾ ਉਸਾਰੀ ਅਧੀਨ ਹਨ ਅਤੇ 396 ਧਰਮਸ਼ਾਲਾਂ ਬਣਨੀਆਂ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਵਿਚ 966 ਧਰਮਸ਼ਾਲਾ ਬਣ ਚੁਕੀਆਂ ਹਨ । 22 ਧਰਮਸ਼ਾਲਾ ਉਸਾਰੀ ਅਧੀਨ ਹਨ ਅਤੇ 338 ਧਰਮਸ਼ਾਲਾਂ ਬਣਨੀਆਂ ਹਨ। ਜਿਹੜੀਆਂ ਧਰਮਸ਼ਾਲਾਂ ਬਣਨੀਆਂ ਹਨ, ਉਹ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਕਦੋਂ ਤਕ ਮੁਕੰਮਲ ਕਰ ਦੇਣਗੇ ?

ਸ੍ਰੀ ਸਪੀਕਰ : ਪਾਂਧੀ ਜੀ, ਇਨ੍ਹਾਂ ਨੇ ਸਵਾਲ ਦਾ ਜਵਾਬ ਦੇ ਦਿੱਤਾ ਹੈ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਤੋਂ ਇਹ ਜਾਣਨਾ ਚਾਹਵਾਂਗਾ ਕਿ ਕਿਆ ਇਸ ਦੇ ਵਿੱਚ ਕੋਈ ਪ੍ਰੋਸੀਜਰਲ ਗਲਤੀ ਹੈ ਕਿ ਮੈਜੋਰਿਟੀ ਹਰੀਜਨ ਧਰਮਸ਼ਾਲਾਂ ਇਨਕੰਪਲੀਟ ਰਹਿੰਦੀਆਂ ਹਨ। ਇਨ੍ਹਾਂ ਦੀ ਮੁਰੰਮਤ ਵੀ ਨਹੀਂ ਹੁੰਦੀ ਅਤੇ ਇਹ ਮੁਕੰਮਲ ਵੀ ਨਹੀਂ ਹੁੰਦੀਆਂ। ਪੈਸਾ ਵੀ ਆਉਂਦਾ ਹੈ ਤਾਂ ਉਹ ਲੋਕਲ ਕਮੇਟੀਆਂ ਕੋਲ ਜਾਂਦਾ ਹੈ ਅਤੇ ਆਮ ਤੌਰ ਤੇ ਹਰੀਜਨ ਸਰਾਂ ਮੁਕੰਮਲ ਨਹੀਂ ਹੁੰਦੀ ਅਤੇ ਅਫਸਰ ਹੀ ਪੈਸੇ ਦੀ ਗੜਬੜ ਕਰੀ ਜਾਂਦੇ ਹਨ । ਕੀ ਸੀ. ਐਮ. ਸਾਹਿਬ ਕੋਈ ਪ੍ਰੋਸੀਜਰ ਬਦਲਣਗੇ ਕਿ ਇਸ ਸਾਰੇ ਕੰਮ ਦੀ ਜ਼ਿੰਮੇਵਾਰੀ ਗੌਰਮਿੰਟ ਆਪ ਲੈ ਲਵੇ ਨਾ ਕਿ ਉਥੋਂ ਦੀਆਂ ਲੋਕਲ ਕਮੇਟੀਆਂ ਤੇ ਆਵੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਪਹਿਲਾਂ ਤੋਂ ਹੀ ਇਸੇ ਤਰ੍ਹਾਂ ਦਾ ਪ੍ਰੋਸੀਜਰ ਰਿਹਾ ਹੈ। ਇਹ ਜਿਹੜੀ ਸਬਸਿਡੀ ਹੁੰਦੀ ਹੈ It is placed at the disposal of Managing Committee. ਇਸ ਮੈਨੇਜਿੰਗ ਕਮੇਟੀ ਵਿੱਚ ਸਬ ਡਿਵੀਜ਼ਨਲ ਅਫਿਸਰ ਐਕਸ ਆਫਿਸ਼ਿਓ ਚੇਅਰ ਮੈਨ ਹੁੰਦਾ ਹੈ, ਡਿਸਟ੍ਰਿਕਟ ਵੈਲਫੇਅਰ ਆਫਿਸਰ ਵਾਈਸ ਚੇਅਰਮੈਨ ਹੁੰਦਾ ਹੈ, ਉਥੋਂ ਦਾ ਸਰਪੰਚ ਅਤੇ ਪੰਚ ਅਤੇ ਮਿਊਨਿਸਪਲ ਕਮਿਸ਼ਨਰ ਵੀ ਹੁੰਦਾ ਹੈ ਅਤੇ ਵੈਲਫੇਅਰ ਆਫ਼ਸਰ ਜਿਹੜਾ ਹੁੰਦਾ ਹੈ ਉਹ ਸੈਕਰੇਟਰੀ ਹੁੰਦਾ ਹੈ ਅਤੇ ਉਥੋਂ ਦੇ 3 ਸ਼ੈਡਿਊਲਡ ਕਾਸਟ ਵਸਨੀਕ ਇਸ ਕਮੇਟੀ ਦੇ ਵਿੱਚ ਮੈਂਬਰ ਵਜੋਂ ਲਏ ਜਾਂਦੇ ਹਨ। ਇਸ ਤਰ੍ਹਾਂ ਕਮੇਟੀ ਬਣਾ ਦਿੱਤੀ ਜਾਂਦੀ ਹੈ ਜਿਹੜੀ ਖਰਚਾ ਦੇਖਦੀ ਹੈ। ਪਰ ਜਿਵੇਂ ਡਾਕਟਰ ਸਾਹਿਬ ਨੇ ਕਿਹਾ ਹੈ, ਉਸ ਗੱਲ ਦੀ ਕੋਈ ਗੁੰਜਾਇਸ਼ ਨਹੀਂ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਪ੍ਰੈਕਟਿਸ ਇਹ ਹੈ ਕਿ ਮੈਨੇਜਿੰਗ ਕਮੇਟੀ ਵਿੱਚ ਜਿਹੜੇ 3 ਪਿੰਡ ਦੇ ਵਸਨੀਕ ਮੈਂਬਰ ਲਏ ਜਾਂਦੇ ਹਨ, ਉਹੀ ਖਰਚੇ ਦਾ ਹਿਸਾਬ ਕਿਤਾਬ ਬਣਾਉਂਦੇ ਹਨ ਅਤੇ ਤਹਿਸੀਲ ਵੈਲਫੇਅਰ ਅਫਸਰ ਨੂੰ ਦੇ ਦੇਂਦੇ ਹਨ। ਮੈਂ ਇਹ ਕਹਿਣਾ ਚਾਹਵਾਂਗਾ ਕਿ ਏਡੀ ਵੱਡੀ ਕਮੇਟੀ ਬਣਨ ਦੇ ਬਾਵਜੂਦ ਵੀ ਧਰਮਸ਼ਾਲਾਂ ਇਨਕੰਪਲੀਟ ਪਈਆਂ ਹਨ। ਇਸ ਪੋਜ਼ੀਸ਼ਨ ਨੂੰ ਦੇਖਦੇ ਹੋਏ ਸੀ. ਐਮ. ਸਾਹਿਬ ਇਸ ਗੱਲ ਦੇ ਬਾਰੇ ਦੋਬਾਰਾ ਸੋਚਣਗੇ ਅਤੇ ਇਨ੍ਹਾਂ ਧਰਮਸ਼ਾਲਾਂ ਨੂੰ ਕੰਪਲੀਟ ਕਰਾਉਣਗੇ।

ਮੁੱਖ ਮੰਤਰੀ : ਸਪੀਕਰ ਸ਼ਾਹਿਬ, ਕੋਸ਼ਿਸ਼ ਤੇ ਕਰਾਂਗੇ ਕਿ ਜਿਸ ਧਰਮਸ਼ਾਲਾ ਨੂੰ ਸ਼ੁਰੂ ਕੀਤਾ ਜਾਵੇ, ਉਸ ਨੂੰ ਕੰਪਲੀਟ ਵੀ ਕੀਤਾ ਜਾਵੇ। ਇਹ ਗਲਤੀ ਇਸ ਕਰਕੇ ਵੀ ਕਮੇਟੀਆਂ ਕੋਲੋਂ ਹੋ ਜਾਂਦੀ ਹੈ ਕਿ ਉਹ ਪਹਿਲਾਂ ਇਸ ਗੱਲ ਦਾ ਅੰਦਾਜ਼ਾ ਲਗਾ ਲੈਂਦੇ ਹਨ ਕਿ ਪਿੰਡ ਵਲੋਂ ਸ਼੍ਰਮ ਦਾਨ, ਲੇਬਰ ਅਤੇ ਮਿੱਟੀ ਮੁਹੱਈਆ ਕਰ ਦਿੱਤੀ ਜਾਵੇਗੀ ਪਰ ਜਦ ਇਹ ਚੀਜ਼ਾਂ ਨਹੀਂ ਮਿਲਦੀਆਂ ਤਾਂ ਕੰਮ ਵਿਚ ਵਿਘਨ ਪੈ ਜਾਂਦਾ ਹੈ ਅਤੇ ਧਰਮਸ਼ਾਲਾਂ ਇਨਕੰਪਲੀਟ ਰਹਿ ਜਾਂਦੀਆਂ ਹਨ।

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਪਿਛਲੇ ਮਹੀਨਿਆਂ ਵਿੱਚ ਏਨੀਆਂ ਬਰਸਾਤਾਂ ਹੋਈਆਂ ਹਨ ਕਿ ਹਰੀਜਨਾਂ ਦੇ ਘਰ ਤਾਂ ਤਬਾਹ ਹੋ ਹੀ ਗਏ ਹਨ ਅਤੇ ਦੂਜੇ ਪਾਸੇ ਧਰਮਸ਼ਾਲਾਂ ਵੀ ਏਨੀਆਂ ਡੈਮੇਜ ਹੋ ਗਈਆਂ ਹਨ ਕਿ ਇਕ ਦਮ ਹੀ ਖਰਾਬ ਹੋ ਗਈਆਂ ਹਨ। ਕੀ ਸੀ. ਐਮ. ਸਾਹਿਬ, ਇਨ੍ਹਾਂ ਲਈ ਜ਼ਿਆਦਾ ਤੋਂ ਜ਼ਿਆਦਾ ਰੁਪਿਆ ਮੁਹਈਆ ਕਰਾ ਕੇ ਇਨ੍ਹਾਂ ਦੀ ਮੁਰੰਮਤ ਕਰਵਾਉਣਗੇ ?

ਸ਼੍ਰੀ ਸਪੀਕਰ : ਇਸ ਗੱਲ ਦਾ ਜਵਾਬ ਇਹ ਪਹਿਲਾਂ ਹੀ ਦੇ ਚੁੱਕੇ ਹਨ।

Incomplete Sewerage Work in Batala City

***46. Shri Ashwani Sekhri** : Will the Chief Minister be pleased to state whether it is in the notice of the Govenment that the sewerage work is lying incomplete in Batala City, District Gurdaspur, if so, the reasons therefor and the time by which the said sewerage work is expected to be completed ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਜੀ ਹਾਂ। ਕਾਰਨ ਇਹ ਹੈ ਕਿ ਨਗਰ ਪਾਲਕਾ. ਬਟਾਲਾ ਨੇ ਆਪਣੀ ਬਣਦੀ ਕੰਟਰੀਬਿਊਸ਼ਨ ਦਾ ਹਿੱਸਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਕੋਲ, ਜਿਸ ਨੇ ਕਿ ਇਹ ਕੰਮ ਕਰਵਾਉਣਾ ਹੈ, ਅਜੇ ਤਕ ਜੱਮ੍ਹਾਂ ਨਹੀਂ ਕਰਵਾਇਆ। ਨਗਰ ਪਾਲਕਾ. ਬਟਾਲਾ ਵਲੋਂ ਮੈਚਿੰਗ ਸ਼ੇਅਰ ਜਮ੍ਹਾਂ ਕਰਵਾ ਦੇਣ ਤੋਂ ਬਾਅਦ ਇਹ ਕੰਮ ਲਗ ਭੱਗ 9 ਮਹੀਨਿਆਂ ਵਿੱਚ ਮੁਕੰਮਲ ਹੋ ਜਾਣ ਦੀ ਆਸ ਹੈ।

ਸ਼੍ਰੀ ਅਸ਼ਵਨੀ ਸੇਖੜੀ : ਸਰ, ਮੈਂ ਸੀ. ਐਮ. ਸਾਹਿਬ ਤੋਂ ਇਹ ਪੁੱਛਣਾ ਚਾਹਵਾਂਗਾ ਕਿ ਕੀ ਬਟਾਲਾ ਮਿਉਨਿਸਪੈਲਟੀ ਨੂੰ ਪੁਛਿਆ ਗਿਆ ਹੈ ਕਿ ਉਹ ਕਦੋਂ ਪੈਸਾ ਜਮ੍ਹਾਂ ਕਰਵਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮਿਉਨਿਸਪੈਲਟੀ ਨੂੰ ਪੈਸਾ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ, ਜਦੋਂ ਉਹ ਜਮ੍ਹਾਂ ਕਰਵਾ ਦੇਣਗੇ, ਉਥੇ ਕੰਮ ਸ਼ੁਰੂ ਹੋ ਜਾਵੇਗਾ ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਇਹ ਰਿਕੁਐਸਟ ਵੀ ਕਰਨੀ ਹੈ ਅਤੇ ਪੁੱਛਣਾ ਵੀ ਹੈ ਕਿ ਜਿਹੜੇ ਵਾਟਰ ਲੌਗਡ ਏਰੀਆਜ਼ ਹਨ, ਜਿਵੇਂ ਮੁਕਤਸਰ ਹੈ, ਉਨ੍ਹਾਂ ਦਾ ਸੀਵਰੇਜ ਸਿਸਟਮ ਬਿਲਕੁਲ ਫੇਲ੍ਹ ਹੋ ਚੁਕਾ ਹੈ ਜਿਸ ਕਰ ਕੇ ਉਥੋਂ ਦੇ ਲੋਕਾਂ ਦੀ ਹੈਲਥ ਤੇ ਬੜਾ ਫਰਕ ਪੈ ਰਿਹਾ ਹੈ। ਕੀ ਇਹ ਇਸ ਲਈ ਕੋਈ ਪ੍ਰਬੰਧ ਕਰਨਗੇ ਜਿਸ ਨਾਲ ਇਸ ਨੂੰ ਰਿਸਟੋਰ ਕੀਤਾ ਜਾ ਸਕੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਗੱਲ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ । ਫਿਰ ਵੀ ਮੈਂ ਕਹਾਂਗਾ ਕਿ ਇਸ ਬਾਰੇ ਜ਼ਰੂਰ ਵਿਚਾਰ ਕਰਾਂਗੇ ਅਤੇ ਸੀਵਰ ਅਤੇ ਸੀਵਰੇਜ ਸਿਸਟਮ ਨੂੰ ਠੀਕ ਕਰਾਉਣ ਦੀ ਕੋਸ਼ਿਸ਼ ਕਰਾਂਗੇ ;

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਹੜਾ ਸੀਵਰੇਜ ਦਾ ਕੰਮ ਸ਼ਹਿਰਾਂ ਵਿੱਚ ਪਿਛਲੇ ਸਾਲਾਂ ਵਿੱਚ ਹੋਇਆ ਹੈ, ਉਹ ਬਹੁਤ ਹੀ ਡਿਫੈਕਟਿਵ ਹੈ ਜਿਸ ਦੀ ਕਿ ਹਾਈ ਲੈਵਲ ਤੇ ਇਨ-ਕੁਆਇਰੀ ਹੋਣੀ ਚਾਹੀਦੀ ਹੈ। ਸੜਕਾਂ ਤੇ ਮੇਨ ਹੋਲ ਬਣੇ ਹੋਏ ਹਨ ਪਰ ਉਨ੍ਹਾਂ ਨੂੰ ਕੁਨੈਕਟ ਕਰਨ ਵਾਲੀ ਕੋਈ ਲਾਈਨ ਨਹੀਂ । ਪਾਪੜਾਂ ਵਾਲੇ ਬਜ਼ਾਰ ਵਿੱਚ ਇਸੇ ਤਰ੍ਹਾਂ ਦਾ ਮੇਨ ਹੋਲ ਹੈ ਇਸ ਦੀ ਅਗੇ ਕੋਈ ਸੀਵਰੇਜ ਲਾਈਨ ਹੀ ਨਹੀਂ ਜਿਸ ਨਾਲ ਇਨ੍ਹਾਂ ਨੇ ਸ਼ਹਿਰ ਵਿਚ ਰਹਿਣ ਵਾਲਿਆਂ ਨੂੰ ਵਖ਼ਤ ਪਾ ਦਿਤਾ ਹੈ। ਇਸ ਦੇ ਵਾਸਤੇ ਕੋਈ ਜਾਇਜ਼ਾ ਲੈਣ ਲਈ ਇਨਕੁਆਇਰੀ ਕਰਵਾਈ ਜਾਵੇ ਕਿ ਇਨ੍ਹਾਂ ਭਲੇ ਮਾਣਸਾਂ ਨੇ ਇਹ ਕੀ ਕਰ ਦਿਤਾ ਹੈ।

ਮੁੱਖ ਮੰਤਰੀ : ਇਹ ਮੇਨ ਹੋਲ ਬੰਦਿਆਂ ਨੂੰ ਸਿਟਣ ਵਾਸਤੇ ਬਣਾ ਦਿਤੇ ਹੋਣੇ ਹਨ । ਜੇ ਇਸ ਤਰ੍ਹਾਂ ਦੀ ਕੋਈ ਕਨਕਰੀਟ ਸ਼ਕਾਇਤ ਦੇਣਗੇ ਤਾਂ ਉਸ ਦੀ ਇਨਕੁਆਇਰੀ ਕਰਾ ਦਿਆਂਗੇ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸ਼ਹਿਰਾਂ ਵਿਚ ਜਿਹੜਾ ਸੀਵਰੇਜ ਸਿਸਟਮ ਹੈ, ਅਗਰ ਉਸ ਦੀ ਘੋਖ ਕਰਵਾਈ ਜਾਵੇ ਤਾਂ ਪਤਾ ਲੱਗੇਗਾ ਕਿ ਲੋਕੀਂ ਏਨੇ ਦੁਖੀ ਹਨ ਕਿ ਕਿਸੇ ਦੀ ਅਲਾਈਨਮੈਂਟ ਠੀਕ ਨਹੀਂ, ਪਾਣੀ ਦਾ ਫਲੋ ਠੀਕ ਨਹੀਂ ਅਤੇ ਪਾਣੀ ਸੜਕਾਂ ਤੇ ਤੁਰਿਆ ਫਿਰਦਾ ਹੈ। ਇਸ ਦੀ ਪੜਤਾਲ ਕਰਵਾ ਲੈਣ।

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮਲੋਟ ਮੰਡੀ ਦਾ ਸੀਵਰੇਜ ਸਿਸਟਮ ਏਨਾ ਖਰਾਬ ਹੈ ਕਿ ਕਿਧਰੇ ਗੰਦਾ ਪਾਣੀ ਖੜ੍ਹਾ ਹੈ ਅਤੇ ਕਿਧਰੇ ਬਾਹਰ ਜਾਣ ਦੀ ਜਗ੍ਹਾ ਘਰਾਂ ਵਿੱਚ ਹੀ ਆ ਜਾਂਦਾ ਹੈ ਜਿਸ ਕਰਕੇ ਉਥੇ ਬੜਾ ਬੁਰਾ ਹਾਲ ਹੈ। ਇਹ ਇਸ ਦਾ ਕੁਝ ਪ੍ਰਬੰਧ ਕਰ ਦੇਣ ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲਾਂ ਦੀ ਬੌਛਾੜ ਮੇਰੇ ਤੇ ਹੀ ਆ ਰਹੀ ਹੈ ਜਦ ਕਿ ਸਾਬਕਾ ਚੇਅਰਮੈਨ, ਸੀਵਰੇਜ ਬੋਰਡ ਇਨ੍ਹਾਂ ਕੋਲ ਹੀ ਬੈਠੇ ਹਨ । ਇਹ ਉਨ੍ਹਾਂ ਨੂੰ ਹੀ ਪੁਛ ਲੈਂਦੇ ਤਾਂ ਸ਼ਾਇਦ ਮੈਨੂੰ ਏਨੇ ਜਵਾਬ ਨਾ ਦੇਣੇ ਪੈਂਦੇ।

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ : ਸਪੀਕਰ ਸਾਹਿਬ, 1977 ਤੋਂ 1980 ਤੱਕ ਪੰਜਾਬ ਵਿੱਚ ਅਕਾਲੀ ਸਰਕਾਰ ਰਹੀ ਸੀ ਜਿਸ ਨੇ ਸੀਵਰੇਜ ਵੱਲ ਕਾਫੀ ਧਿਆਨ ਦਿੱਤਾ ਸੀ ਅਤੇ ਸਰਦਾਰ ਬਲਵੰਤ ਸਿੰਘ ਜੀ ਵਰਲਡ ਬੈਂਕ ਤੋਂ 67 ਕਰੋੜ ਰੁਪਿਆ ਲੈ ਕੇ ਆਏ ਸਨ ਜਿਸ ਨਾਲ 8 ਸ਼ਹਿਰਾਂ ਵਿਚ ਇੰਟਰ ਸੀਵਰ ਲਾਉਣਾ ਸੀ ਅਤੇ ਜਲੰਧਰ ਸ਼ਹਿਰ ਵਿਚ ਵੀ 60 ਇੰਚ ਡਾਇਆ ਮੀਟਰ ਦਾ ਸੀਵਰ ਲਾਉਣਾ ਸੀ । ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਗੱਲ ਪੁੱਛਦਾ ਹਾਂ ਕਿ ਕੀ ਪਿਛਲੇ 5 ਸਾਲਾਂ ਵਿੱਚ ਇਸ ਕੰਮ ਵਾਲੇ ਪਾਸੇ ਕੋਈ ਤਰੱਕੀ ਹੋਈ ਹੈ, ਜਾਂ ਉਸੇ ਤਰ੍ਹਾਂ ਠੱਪ ਕਰ ਦਿਤਾ ਗਿਆ ਹੈ ?

ਮੁੱਖ ਮੰਤਰੀ : ਇਹ ਤਾਂ ਬਟਾਲਾ ਦਾ ਸਵਾਲ ਸੀ। ਇਹ ਅਲੱਗ ਸਵਾਲ ਦੇ ਦੇਣ, ਜਵਾਬ ਦੇ ਦਿਆਂਗੇ ।

Homoeopathic Physicians Under Leave Reserve

***41. Shri Hari Mitter Hans** : Will the Minister for Health and Family Welfare be pleased to state—

(a) the total number of posts of Homoeopathic Physicians in leave reserve in the Homoeopathic Directorate;

(b) the number of Physicians who proceeded on long leave during the year 1984-85;

(c) the names of the dispensaries where the Homoeopathic Physicians appointed against the leave vacancies served during the year 1984-85 and the nature of duties performed by each of them ?

ਸਰਦਾਰ ਬਸੰਤ ਸਿੰਘ ਖਾਲਸਾ : (ੳ) ਦੋ,

(ਅ) ਕੋਈ ਨਹੀਂ

(ੲ) (1) ਜੀ.ਐਚ.ਡੀ. ਜਲੰਧਰ

(2) ਜੀ.ਐਚ.ਡੀ. ਮੋਹਾਲੀ

(3) ਜੀ.ਐਚ.ਡੀ. ਸਿਵਲ ਸਕੱਤਰੇਤ, ਪੰਜਾਬ
ਅਤੇ ਉਨ੍ਹਾਂ ਨੇ ਹੋਮਿਓਪੈਥਿਕ ਡਿਸਪੈਂਸਰੀ ਵਿੱਚ ਹੋਮਿਓਪੈਥਿਕ ਫਿਜੀਸ਼ੀਅਨ ਦੀਆਂ ਸਾਰੀਆਂ ਆਮ ਡਿਊਟੀਆਂ ਨਿਭਾਈਆਂ ।

ਸ੍ਰੀ ਹਰੀ ਮਿੱਤਰ ਹੰਸ : ਸਪੀਕਰ ਸਾਹਿਬ, 'ੳ' ਵਿੱਚ ਇਨ੍ਹਾਂ ਨੇ 2 ਕਿਹਾ ਹੈ ਅਤੇ 'ੲ' ਵਿੱਚ 3 ਪਲੇਸਿਜ਼ ਮੈਨਸ਼ਨ ਕੀਤੀਆਂ ਹਨ ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਲੀਵ ਰਿਜ਼ਰਵ ਵਾਸਤੇ ਸੀ ਜਿਸ ਤੇ ਸਿਵਲ ਸਕੱਤਰੇਤ, ਪੰਜਾਬ, ਵਿਚ ਇਕ ਪੋਸਟ ਰੱਖੀ ਹੈ ।

Rehabilitation of families displaced in November, 1984

***11. Sardar Kirpal Singh** : Will the Minister for Revenue and Rehabilitation be pleased to state whether there is any scheme under the consideration of the Government to rehabilitate those families which were displaced during the holocaust (Ghalughara) of November, 1984 ; if so, the details thereof ?

ਸਰਦਾਰ ਮੇਜਰ ਸਿੰਘ ਉਬੋਕੇ : ਸਿੱਖ ਪਰੀਵਾਸੀ ਪਰੀਵਾਰਾਂ ਦੇ ਮੁੜ ਵਸੇਬੇ ਲਈ ਰਾਜ ਸਤਰ ਤੇ ਇਕ ਉਚ ਪੱਧਰੀ ਕਮੇਟੀ ਬਣਾਈ ਗਈ ਹੈ । ਜਿਨ੍ਹਾਂ ਪਰੀਵਾਸੀ ਪਰੀਵਾਰਾਂ ਵਿਚ ਕੋਈ ਰੋਟੀ ਕਮਾਉਣ ਵਾਲਾ ਨਹੀਂ ਰਿਹਾ ਉਨ੍ਹਾਂ ਦੇ ਮੁੜ ਵਸੇਬੇ ਲਈ ਜ਼ਿਲ੍ਹਾ ਪੱਧਰ ਤੇ ਵੀ ਕਮੇਟੀਆਂ, ਡਿਪਟੀ ਕਮਿਸ਼ਨਰਾਂ ਦੀ ਪ੍ਰਧਾਨਗੀ ਹੇਠ ਕੰਮ ਕਰ ਰਹੀਆਂ ਹਨ ।

2. ਮੁੜ ਵਸੇਬੇ ਲਈ ਜੋ ਉਪਰਾਲੇ ਡਿਪਟੀ ਕਮਿਸ਼ਨਰਾਂ ਵਲੋਂ ਕੀਤੇ ਗਏ ਹਨ ਉਨ੍ਹਾਂ ਵਿਚ ਪੀਲੇ ਕਾਰਡ ਜਾਰੀ ਕਰਨਾ, ਲਾਹੇਵੰਦ ਰੋਜ਼ਗਾਰ ਦਿਵਾਉਣਾ, ਆਪਣਾ ਰੋਜ਼ਗਾਰ ਸ਼ੁਰੂ ਕਰਨ ਲਈ ਸਹਾਇਤਾ ਕਰਨਾ, ਪਰੀਵਾਰ ਦੇ ਇਕ ਵਿਅਕਤੀ ਨੂੰ ਰੋਜ਼ਗਾਰ ਦੇਣਾ, ਵਿਧਵਾ ਪੈਨਸ਼ਨ ਦੇਣਾ, ਵਿਧਵਾ ਔਰਤਾਂ ਲਈ ਸਿਖਲਾਈ ਸਕੀਮਾਂ ਅਤੇ ਬੈਂਕਾਂ ਤੋਂ ਕਰਜ਼ੇ ਪ੍ਰਾਪਤ ਕਰਨ ਵਿਚ ਉਨ੍ਹਾਂ ਦੀ ਮਦਦ ਕਰਨਾ ਸ਼ਾਮਲ ਹੈ ।

3. ਮਿਤੀ 31 ਅਕਤੂਬਰ ਤੋਂ ਲੈ ਕੇ 7 ਨਵੰਬਰ ਤਕ ਹੋਏ ਦੰਗਿਆਂ ਦੌਰਾਨ ਦਿੱਲੀ ਅਤੇ ਦੇਸ਼ ਦੀਆਂ ਹੋਰ ਥਾਵਾਂ ਤੇ ਮਾਰੇ ਗਏ ਵਿਅਕਤੀਆਂ ਦੇ ਹਰ ਪਰੀਵਾਰ ਵਿਚੋਂ ਇਕ ਵਿਅਕਤੀ ਨੂੰ ਸਰਕਾਰੀ ਨੌਕਰੀ ਵਿਚ ਪਹਿਲ ਦਿੱਤੀ ਜਾਣੀ ਹੈ । ਇਸ ਮੰਤਵ ਲਈ ਵਿਧਵਾ ਔਰਤਾਂ ਦੀ ਉਮਰ ਵਿਚ 45 ਸਾਲ ਤੱਕ ਦੀ ਰਿਆਇਤ ਦਿੱਤੀ ਗਈ ਹੈ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ 'ਸਿੱਖ' ਲਫਜ਼ ਇਸਤੇਮਾਲ ਕੀਤਾ ਹੈ । ਇਹ ਲਫਜ਼ ਨਹੀਂ ਸੀ ਵਰਤਣਾ ਚਾਹੀਦਾ ਕਿਉਂਕਿ ਬਹੁਤ ਸਾਰੇ ਹਿੰਦੂ ਵੀ ਸਨ ਜਿਹੜੇ ਕਿ ਪੰਜਾਬ ਵਿਚ ਮਾਰੇ ਗਏ ਸਨ ਅਤੇ ਉਨ੍ਹਾਂ ਬਾਰੇ ਵੀ ਸੋਚਣ ਦੀ ਲੋੜ ਹੈ । ਇਸ ਤੋਂ ਇਲਾਵਾ, ਉਜੜੇ ਪਰਿਵਾਰਾਂ ਲਈ ਸਭ ਤੋਂ ਪਹਿਲੀ ਜ਼ਰੂਰਤ ਘਰ ਦੀ ਹੁੰਦੀ ਹੈ ਅਤੇ ਇਸ ਚੀਜ਼ ਬਾਰੇ ਗੌਰਮਿੰਟ ਨੇ ਕੋਈ ਗੱਲ ਨਹੀਂ ਕੀਤੀ । ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਅਜਿਹੀਆਂ ਕਾਲੋਨੀਆਂ ਬਣਾਉਣਗੇ ਜਿਨ੍ਹਾਂ ਵਿਚ ਉਹ ਆਪਣਾ ਬਸੇਰਾ ਕਰ ਸਕਣ ?

ਮੰਤਰੀ : ਸਪੀਕਰ ਸਾਹਿਬ, ਇਸ ਸਬੰਧ ਵਿਚ ਜਿਹੜੀ ਕਮੇਟੀ ਬਣਾਈ ਗਈ ਹੈ, ਅੱਜ ਹੀ ਉਸ ਦੀ ਮੀਟਿੰਗ ਹੈ ਅਤੇ ਇਸ ਬਾਰੇ ਉਸ ਮੀਟਿੰਗ ਵਿਚ ਵਿਚਾਰ ਕੀਤਾ ਜਾਵੇਗਾ । ਇਸ ਤੋਂ ਪਹਿਲਾਂ ਜਿਹੜੀਆਂ ਕਮੇਟੀਆਂ ਬਣੀਆਂ ਸਨ, ਉਹ ਸਰਕਾਰੀ ਅਫਸਰਾਂ ਦੀਆਂ ਸਨ ਜੋ ਕਿ ਗਵਰਨਰੀ ਰਾਜ ਵਿਚ ਕੰਮ ਕਰਦੀਆਂ ਰਹੀਆਂ ਹਨ । ਇਸੇ ਸਬੰਧ ਵਿਚ ਕੱਲ੍ਹ ਵੀ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਸਾਨੂੰ ਉਜੜੇ ਹੋਏ ਲੋਕਾਂ ਦੇ ਮੁੜ ਵਸੇਬੇ ਦਾ ਬਹੁਤ ਫਿਕਰ ਹੈ । ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿੰਨੀ ਕੁ ਸਾਡੀ ਸ਼ਕਤੀ ਹੈ, ਅਸੀਂ ਉਨ੍ਹਾਂ ਲੋਕਾਂ ਦੇ ਮੁੜ ਵਸੇਬੇ ਵਿਚ ਪੂਰੀ ਸਹਾਇਤਾ ਕਰਾਂਗੇ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰਾ ਸਪੈਸੇਫਿਕ ਕੁਐਸਚਨ ਇਹ ਸੀ ਕਿ ਕੀ ਹਾਊਸਿੰਗ ਬੋਰਡ ਕੋਲੋਂ ਜਾਂ ਹੋਰ ਇਹੋ ਜਿਹੀਆਂ ਸੰਸਥਾਵਾਂ ਕੋਲੋਂ ਇਨ੍ਹਾਂ ਲੋਕਾਂ ਵਾਸਤੇ ਕਾਲੋਨੀਆਂ ਬਣਾ ਕੇ ਦੇਣ ਬਾਰੇ ਇਹ ਕਮੇਟੀ ਗੌਰ ਕਰੇਗੀ ? ਮੇਰੇ ਸਵਾਲ ਦਾ ਸਪੈਸੇਫਿਕ ਜਵਾਬ ਇਹ ਦੇ ਦੇਣ ਤਾਂ ਬਹੁਤ ਮਿਹਰਬਾਨੀ ਹੋਵੇਗੀ ।

ਮੰਤਰੀ : ਅਸੀਂ ਜ਼ਰੂਰ ਗੌਰ ਕਰਾਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਦੀਆਂ ਕਾਲੀਆਂ ਕਰਤੂਤਾਂ ਕਰ ਕੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਹੀ ਸਾਡੇ ਲੋਕ ਦੰਗਿਆਂ ਦਾ ਸ਼ਿਕਾਰ ਹੋਏ । ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕਾਂ ਨੂੰ ਹਾਲੇ ਤੱਕ ਕੋਈ ਸਹਾਇਤਾ ਨਹੀਂ ਦਿੱਤੀ ਗਈ । ਪਿੰਡ ਬੁਗ ਕਲਾਂ ਅਮਲੋਹ ਦੇ ਹਲਕੇ ਦੀ ਇਕ ਵਿਡੋ ਮੇਰੇ ਨੋਟਿਸ ਵਿਚ ਹੈ ਜਿਸ ਨੂੰ ਹਾਲੇ ਤਕ ਕੋਈ ਪੈਸਾ ਨਹੀਂ ਮਿਲਿਆ । ਕੀ ਇਹ ਕੋਈ ਫੈਕਟ ਫਾਈਂਡਿੰਗ ਕਮੇਟੀ ਬਣਾ ਕੇ ਇਹ ਵੇਖਣ ਦੀ ਖੇਚਲ ਕਰਨਗੇ ਕਿ ਕਿਹੜੇ ਕਿਹੜੇ ਲੋਕ ਇਨ੍ਹਾਂ ਦੰਗਿਆਂ ਤੋਂ ਪ੍ਰਭਾਵਤ ਹੋਏ ਹਨ ਅਤੇ ਉਨ੍ਹਾਂ ਦੀ ਕੀ ਕੀ ਮੱਦਦ ਕਰਨੀ ਹੈ ਅਤੇ ਕਿਵੇਂ ਕਰਨੀ ਹੈ ? ਇਸ ਤੋਂ ਇਲਾਵਾ ਜਿਹੜੀ ਕਮੇਟੀ ਪਹਿਲਾਂ ਬਣਾਈ ਗਈ ਹੈ, ਕੀ ਉਸ ਵਿਚ ਕੋਈ ਨਾਨ ਆਫੀਸ਼ਲ ਮੈਂਬਰ ਵੀ ਲਏ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਇਹੋ ਜਿਹੇ ਜਿਹੜੇ ਵੀ ਕੇਸ ਸਾਡੇ ਨੋਟਿਸ ਵਿਚ ਆਉਣਗੇ, ਅਸੀਂ ਉਨ੍ਹਾਂ ਦੀ ਪੂਰੀ ਤਰ੍ਹਾਂ ਮੱਦਦ ਕਰਾਂਗੇ । ਬਾਕੀ, ਪੰਜਾਬ ਦੇ ਵਿਚ ਜਿਨ੍ਹਾਂ ਵਿਡੋਜ਼ ਨੂੰ ਪੈਨਸ਼ਨ ਜਾਂ ਹੋਰ ਇਹੋ ਜਿਹੀ ਸਹਾਇਤਾ ਦਿਤੀ ਜਾਂਦੀ ਹੈ, ਉਨ੍ਹਾਂ ਦੀ ਗਿਣਤੀ 320 ਦੇ ਕਰੀਬ ਹੈ ਅਤੇ ਉਨ੍ਹਾਂ ਨੂੰ ਰੈਡ ਕ੍ਰਾਸ ਵਲੋਂ ਸਿਖਲਾਈ ਅਲਾਊਂਸ ਵੀ ਦਿਤਾ ਜਾਂਦਾ ਹੈ ਤਾ ਕਿ ਉਹ ਆਪਣੇ ਪੈਰਾਂ ਤੇ ਖੜ੍ਹੀਆਂ ਹੋ ਸਕਣ ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਜਿਨ੍ਹਾਂ ਲੋਕਾਂ ਦੇ ਟਰੱਕ ਸੜ ਗਏ ਜਾਂ ਟੈਕਸੀਆਂ ਸੜ ਗਈਆਂ, ਉਨ੍ਹਾਂ ਵਿਚੋਂ ਕਈਆਂ ਦੀਆਂ ਹਾਲੇ ਲਏ ਹੋਏ ਕਰਜ਼ਿਆਂ ਦੀਆਂ ਕਿਸ਼ਤਾਂ ਬਕਾਇਆ ਸਨ । ਕੀ ਸਰਕਾਰ ਉਨ੍ਹਾਂ ਦੀ ਮੱਦਦ ਕਰਨ ਵਾਸਤੇ ਉਨ੍ਹਾਂ ਨੂੰ ਨਵੇਂ ਲੋਨ ਜਾਂ ਪਰਮਿਟ ਦੇਣ ਦੀ ਖੇਚਲ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਕਮੇਟੀ ਬਣੀ ਨੂੰ ਹਾਲੇ ਥੋੜ੍ਹੇ ਹੀ ਦਿਨ ਹੋਏ ਹਨ । ਅੱਜ ਦੀ ਮੀਟਿੰਗ ਵਿਚ ਇਨ੍ਹਾਂ ਸਾਰੀਆਂ ਗੱਲਾਂ ਤੇ ਅਸੀਂ ਵਿਚਾਰ ਕਰਨਾ ਹੈ । ਇਸ ਵੇਲੇ ਸਾਰੀਆਂ ਗੱਲਾਂ ਦਾ ਜਵਾਬ ਦੇਣਾ ਮੁਸ਼ਕਲ ਹੈ । ਆਫਟਰਨੂਨ ਤੱਕ ਜੇ ਇਹ ਸਵਾਲ ਕੀਤੇ ਜਾਂਦੇ ਤਾਂ ਅਸੀਂ ਸ਼ਾਇਦ ਇਨ੍ਹਾਂ ਦਾ ਜਵਾਬ ਦੇ ਸਕਦੇ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਜਿਥੋਂ ਤਕ ਮੈਨੂੰ ਪਤਾ ਹੈ, ਬੈਂਕਾਂ ਨੇ ਲੋਕਾਂ ਨੂੰ ਜਿਹੜੇ ਲੋਨ ਦੇਣੇ ਸੀ, ਉਹ ਨਹੀਂ ਦਿਤੇ ਗਏ । ਪਟਿਆਲੇ ਵਿਚ ਵੀ ਕਿਸੇ ਨੂੰ ਲੋਨ ਨਹੀਂ ਮਿਲਿਆ । ਕੀ ਇਹ ਇਸ ਬਾਰੇ ਕੋਈ ਸਰਵੇ ਕਰਵਾਉਣਗੇ ਕਿ ਲੋਨ ਕਿਉਂ ਨਹੀਂ ਦਿੱਤੇ ਗਏ ?

ਮੰਤਰੀ : ਸਪੀਕਰ ਸਾਹਿਬ, ਇਹ ਇਨ੍ਹਾਂ ਨੇ ਬਹੁਤ ਚੰਗੀ ਇਨਫਰਮੇਸ਼ਨ ਦਿੱਤੀ ਹੈ । ਬੈਂਕਾਂ ਨੂੰ ਜ਼ਰੂਰ ਇਨ੍ਹਾਂ ਲੋਕਾਂ ਦੀ ਮੱਦਦ ਵਾਸਤੇ ਲੋਨ ਦੇਣੇ ਚਾਹੀਦੇ ਸੀ । ਜੇ ਨਹੀਂ ਦਿੱਤੇ ਤਾਂ ਇਹ ਬੜੀ ਮਾੜੀ ਗੱਲ ਹੈ । ਅਸੀਂ ਇਸ ਬਾਰੇ ਪੜਤਾਲ ਕਰਵਾਵਾਂਗੇ ।

ਪੰਡਿਤ **ਸਰਵਣ ਰਾਮ ਮਠਸੋਵਾਲਿਆ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਗੱਲਾਂ ਤੇ ਵਿਚਾਰ ਕਰਨ ਵਾਸਤੇ ਹਾਊਸ ਦੀ ਇਕ ਕਮੇਟੀ ਬਣੀ ਹੈ । ਕੀ ਉਸ ਕਮੇਟੀ ਵਿਚ ਆਪੋਜ਼ੀਸ਼ਨ ਦੇ ਮੈਂਬਰ ਵੀ ਲਏ ਜਾਣਗੇ ? (ਸ਼ੋਰ)

ਮੰਤਰੀ : ਇਹ ਕਮੇਟੀ ਹਾਊਸ ਦੀ ਨਹੀਂ ਬਣਾਈ ਗਈ ਹੈ, ਇਸ ਕਰਕੇ ਆਪੋਜ਼ੀਸ਼ਨ ਦੇ ਮੈਂਬਰ ਲੈਣ ਜਾਂ ਨਾ ਲੈਣ ਦੀ ਕੋਈ ਗੱਲ ਨਹੀਂ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਜਿਹੜੀ 50-ਰੁਪਏ ਦੀ ਪੈਨਸ਼ਨ ਦਿਤੀ ਜਾਂਦੀ ਹੈ, ਇਹ ਉਨ੍ਹਾਂ ਲੋਕਾਂ ਨਾਲ ਮਖੌਲ ਨਹੀਂ ਤਾਂ ਹੋਰ ਕੀ ਹੈ ? ਕੀ ਗੌਰਮਿੰਟ ਇਸ ਨੂੰ 50-ਰੁਪਏ ਤੋਂ ਵਧਾ ਕੇ ਘੱਟੋ ਘੱਟ 200 ਰੁਪਏ ਕਰਨ ਬਾਰੇ ਵਿਚਾਰ ਕਰੇਗੀ ?

ਮੰਤਰੀ : ਇਨ੍ਹਾਂ ਸਾਰੀਆਂ ਗੱਲਾਂ ਤੇ ਵਿਚਾਰ ਅੱਜ ਦੀ ਮੀਟਿੰਗ ਵਿਚ ਹੋਵੇਗਾ ।

Ranjitgarh New City Project

***12. Sardar Kirpal Singh** : Will the Chief Minister be pleased to state —

(a) whether the scheme to set up Ranjitgarh City still exists, if so, the time by which execution of the said scheme is likely to be started;

(b) whether the Government proposes to provide special facilities to the non-resident Punjabis for setting up industry, trade and residential accommodation in the proposed city of Ranjitgarh ;

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਜੀ ਹਾਂ, ਰਣਜੀਤਗੜ੍ਹ ਸ਼ਹਿਰ ਦੀ ਸਥਾਪਨਾ ਦੀ ਸਕੀਮ ਹਾਲੇ ਕਾਇਮ ਹੈ ।

ਫੰਡਾਂ ਦੀ ਕਮੀ ਹੋਣ ਦੇ ਕਾਰਣ ਸਕੀਮ ਨੂੰ ਸ਼ੁਰੂ ਕਰਨ ਵਿਚ ਲੱਗਣ ਵਾਲਾ ਨਿਸ਼ਚਤ ਸਮਾਂ ਸੂਚਿਤ ਕਰਨਾ ਸੰਭਵ ਨਹੀਂ ਹੈ ।

(ਅ) ਪ੍ਰੋਜੈਕਟ ਲਈ ਜ਼ਮੀਨ ਹਾਲੇ ਐਕਵਾਇਰ ਨਹੀਂ ਕੀਤੀ ਗਈ । ਇਸ ਲਈ ਪ੍ਰਸਤਾਵਤ ਸ਼ਹਿਰ ਰਣਜੀਤਗੜ੍ਹ ਵਿਚ ਗੈਰ-ਵਾਸੀ ਪੰਜਾਬੀਆ ਨੂੰ ਉਦਯੋਗ, ਵਪਾਰ ਅਤੇ ਰਿਹਾਇਸ਼ ਲਈ ਵਿਸ਼ੇਸ਼ ਸਹੂਲਤਾਂ ਦੇਣ ਦੇ ਸਬੰਧ ਵਿਚ ਕੋਈ ਨੀਤੀ ਨਿਰਧਾਰਤ ਨਹੀਂ ਕੀਤੀ ਗਈ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਵੀ ਜਵਾਬ ਇਹੋ ਸੀ ਅਤੇ ਹੁਣ ਦੀ ਗੌਰਮਿੰਟ ਦਾ ਜਵਾਬ ਵੀ ਇਹੋ ਹੈ । ਇਹ ਜਵਾਬ ਸੁਣ ਕੇ ਮੈਂ ਬਹੁਤ ਮਾਯੂਸ ਹੋਇਆ ਹਾਂ । ਕੀ ਇਨ੍ਹਾਂ ਨੂੰ ਯਕੀਨ ਨਹੀਂ ਕਿ ਜ਼ਿਆਦਾ ਪੈਸੇ ਖਰਚਣ ਤੋਂ ਬਗੈਰ ਹੀ ਇਹ ਸ਼ਹਿਰ ਵਸ ਜਾਵੇਗਾ ? ਚੰਡੀਗੜ੍ਹ ਸ਼ਹਿਰ ਜ਼ਮੀਨ ਜਾਂ ਪਲਾਟ ਵੇਚ ਵੇਚ ਕੇ ਹੀ ਵਸ ਗਿਆ ਸੀ । ਇਸੇ ਤਰ੍ਹਾਂ ਉਥੇ ਵੀ ਜ਼ਮੀਨ ਦੇ ਲੋਕ ਬਹੁਤ ਮੁਤਲਾਸ਼ੀ ਹਨ ਜਿਸ ਤੋਂ ਗੌਰਮਿੰਟ ਨੂੰ ਬਹੁਤ ਪੈਸਾ ਮਿਲ ਸਕਦਾ ਹੈ । ਕੀ ਸ਼ਹਿਰ ਦੇ ਵਿਕਾਸ ਵਾਸਤੇ ਗੌਰਮਿੰਟ ਹੋਰ ਕੋਈ ਉਪਰਾਲੇ ਕਰੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਕਿਉਂਕਿ ਸਵਾਲ ਇਸ ਕਿਸਮ ਦਾ ਕੀਤਾ ਗਿਆ ਸੀ, ਇਸ ਕਰਕੇ ਜਵਾਬ ਵੀ ਉਸੇ ਤਰੀਕੇ ਨਾਲ ਦਿੱਤਾ ਗਿਆ ਹੈ । ਜਿਸ ਤਰ੍ਹਾਂ ਇਹ ਚਾਹੁੰਦੇ ਹਨ ਕਿ ਸ਼ਹਿਰ ਦਾ ਵਿਕਾਸ ਛੇਤੀ ਤੋਂ ਛੇਤੀ ਹੋਵੇ, ਉਸੇ ਤਰ੍ਹਾਂ ਹੀ ਅਸੀਂ ਵੀ ਚਾਹੁੰਦੇ ਹਾਂ । ਅਸੀਂ ਵੀ ਚਾਹੁੰਦੇ ਹਾਂ ਕਿ ਛੇਤੀ ਨਕਸ਼ੇ ਬਣਨ ਅਤੇ ਛੇਤੀ ਪਲਾਟ ਕੱਟੇ ਜਾ ਸਕਣ ਪਰ ਪਿਛਲੇ ਪੰਜਾਂ ਸਾਲਾਂ ਵਿਚ ਉਥੇ ਹੋਇਆ ਕੁਝ ਨਹੀਂ ।

ਸਰਦਾਰ ਸਰਵਣ ਸਿੰਘ : ਸਪੀਕਰ ਸਾਹਿਬ, ਉਸ ਸ਼ਹਿਰ ਵਾਸਤੇ ਜ਼ਮੀਨ ਜਿਨ੍ਹਾਂ ਕਿਸਾਨਾਂ ਕੋਲੋਂ ਲਈ ਜਾਣੀ ਹੈ, ਕੀ ਉਨ੍ਹਾਂ ਦੇ ਵਸੇਬੇ ਲਈ ਸਰਕਾਰ ਪਹਿਲਾਂ ਕੋਈ ਪ੍ਰਬੰਧ ਕਰ ਲਵੇਗੀ ?

ਮੁੱਖ ਮੰਤਰੀ : ਸਪੀਕਰਸਾਹਿਬ ਇਹ ਕੰਟਰਾਡਿਕਟਰੀ ਗੱਲਾਂ ਹੋ ਰਹੀਆਂ ਹਨ । ਇਕ ਪਾਸੇ ਤਾਂ ਕਹਿੰਦੇ ਹਨ ਕਿ ਸ਼ਹਿਰ ਵਸਾਓ, ਦੂਜੇ ਪਾਸੇ ਕਹਿੰਦੇ ਹਨ ਕਿ ਕਿਸਾਨਾਂ ਨੂੰ ਨਾ ਉਜਾੜੋ (ਹਾਸਾ) । ਵੈਸੇ, ਅਸੀਂ ਉਨ੍ਹਾਂ ਦਾ ਪ੍ਰਬੰਧ ਜ਼ਰੂਰ ਕਰਾਂਗੇ । ਉਨ੍ਹਾਂ ਨੂੰ ਪਰਾਇਰਟੀ ਬੇਸਿਸ ਤੇ ਪਲਾਟ ਦਿਤੇ ਜਾਣਗੇ ਤਾਂ ਜੋ ਉਹ ਲੋਕ ਡਿਸਲੋਕੇਟ ਨਾ ਹੋ ਜਾਣ ।

ਸਰਦਾਰ ਤਾਰਾ ਸਿੰਘ: ਸਪੀਕਰ ਸਾਹਿਬ, ਪਹਿਲਾਂ ਇਸ ਸ਼ਹਿਰ ਦਾ ਨਾਂ ਰਣਜੀਤ ਸਿੰਘ ਨਗਰ ਰੱਖਿਆ ਗਿਆ । ਬਾਅਦ ਵਿਚ ਇਹ ਨਾਂ ਰਣਜੀਤ ਗੜ੍ਹ ਰੱਖ ਦਿੱਤਾ ਗਿਆ । ਇਹ ਸ਼ਹਿਰ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਕਿਲੇ ਦੇ ਕੋਲ ਵਾਕਿਆ ਹੋਵੇਗਾ, ਇਸ ਕਰਕੇ ਇਸ ਦਾ ਨਾਂ ਰਣਜੀਤ ਸਿੰਘ ਨਗਰ ਹੋਣਾ ਚਾਹੀਦਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸ਼ਹਿਰ ਕਿਲੇ ਦੇ ਬਿਲਕੁਲ ਕਰੀਬ ਹੈ ਅਤੇ ਕਿਲੇ ਨੂੰ ਕਿਉਂ ਕਿ ਗੜ੍ਹ ਆਖਿਆ ਜਾਂਦਾ ਹੈ, ਇਸੇ ਕਰਕੇ ਹੀ ਇਸ ਦਾ ਨਾਂ ਰਣਜੀਤ ਗੜ੍ਹ ਰੱਖਿਆ ਗਿਆ ਹੈ ਅਤੇ ਇਹ ਠੀਕ ਹੀ ਹੈ ।

UNSTARRED QUESTIONS AND ANSWERS

Postponment of the Recovery of Loans by the Cooperative Banks

10. **Sardar Bachan Singh**: Will the Chief Minister be pleased to state:—

(a) whether there is any proposal under the consideration of the Government to postpone the recovery of Loans given to the farmers in the State by the Cooperative Banks, whose crops have been destroyed due to the flood in July-August. 1985 in the State;

(b) if so, the details thereof;

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਹਾਂ ।

(ਅ) ਵੇਰਵਾ ਨਾਲ ਨੱਥੀ ਹੈ ।

ਕਿਸਾਨਾਂ ਨੂੰ ਸਹਿਕਾਰੀ ਬੈਂਕਾਂ ਵਲੋਂ ਦਿਤੇ ਗਏ ਕਰਜ਼ੇ ਦੀ ਵਸੂਲੀ ਨੂੰ ਅੱਗੇ ਪਾਉਣ ਦਾ ਵੇਰਵਾ

ਸਾਉਣੀ 1985 ਲਈ ਦਿੱਤੇ ਥੋੜੀ ਮਿਆਦ ਦੇ ਫਸਲੀ ਕਰਜ਼ਿਆਂ ਨੂੰ ਦਰਮਿਆਨੀ ਮਿਆਦ ਦੇ ਕਰਜ਼ਿਆਂ ਵਿਚ ਤਬਦੀਲ ਕਰ ਕੇ ਇਨ੍ਹਾਂ ਦੀ ਵਸੂਲੀ ਅੱਗੇ ਪਾਉਣ ਦੀ ਤਜਵੀਜ਼ ਹੈ ਲੋੜੀਂਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਪ੍ਰਾਇਮਰੀ ਖੇਤੀ ਬਾੜੀ ਸਹਿਕਾਰੀ ਸੇਵਾਵਾਂ ਸਭਾਵਾਂ ਦੇ ਮੈਂਬਰਾਂ ਨੂੰ ਦਿਤੇ ਥੋੜੇ ਸਮੇਂ ਦੇ ਖੇਤੀ ਬਾੜੀ ਕਰਜ਼ੇ ਜਿਥੇ ਕੁਦਰਤੀ ਆਫਤਾਂ ਜਿਵੇਂ ਹੜ੍ਹ, ਸੋਕਾ ਆਦਿ ਕਾਰਨ ਫਸਲਾਂ ਦਾ ਨੁਕਸਾਨ ਹੋਇਆ ਹੋਵੇ ਅਤੇ

[ਮੁੱਖ ਮੰਤਰੀ]

ਨੁਕਸਾਨ ਦਾ ਅਨੁਮਾਨ 50 ਫੀ ਸਦੀ ਜਾਂ ਇਸ ਤੋਂ ਵੱਧ ਹੋਣ ਬਾਰੇ ਮਹਿਕਮਾ ਮਾਲ ਵਲੋਂ ਤਸਦੀਕ ਕੀਤਾ ਗਿਆ ਹੋਵੇ, ਨੂੰ ਦਰਮਿਆਨੀ ਮਿਆਦ ਦੇ ਕਰਜ਼ਿਆਂ ਵਿਚ ਤਬਦੀਲ ਕਰ ਦਿਤਾ ਜਾਂਦਾ ਹੈ। ਇਸ ਤਬ-ਦੀਲੀ ਕਾਰਨ ਵਸੂਲੀ ਦਾ ਸਮਾਂ 6 ਮਹੀਨੇ ਤੋਂ ਵੱਧ ਕੇ ਛਿਮਾਹੀ ਕਿਸ਼ਤਾਂ ਰਾਹੀਂ ਤਿੰਨ ਸਾਲ ਦਾ ਹੋ ਜਾਂਦਾ ਹੈ। ਕੁਦਰਤੀ ਆਫਤਾਂ ਦੇ ਬਾਅਦ ਤਹਿਸੀਲਦਾਰ ਸਪੈਸ਼ਲ ਗਿਰਦਾਵਰੀ ਕਰਦੇ ਹਨ ਅਤੇ ਅਜਿਹੇ ਮੈਂਬਰਾਂ ਦਾ 50 ਫੀ ਸਦੀ ਜਾਂ ਇਸ ਤੋਂ ਵੱਧ ਨੁਕਸਾਨ ਹੋਇਆ ਹੋਵੇ, ਦੀਆਂ ਪਿੰਡ ਵਾਰ ਤਸਦੀਕ ਸ਼ੁਦਾ ਸੂਚੀਆਂ ਸਪਲਾਈ ਕਰਦੇ ਹਨ ਜਦੋਂ ਮਹਿਕਮਾ ਮਾਲ ਦੇ ਅਧਿਕਾਰੀਆਂ ਵਲੋਂ ਇਹ ਤਸਦੀਕ ਹੋ ਜਾਵੇ ਕਿ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਦਾ 50 ਫੀ ਸਦੀ ਜਾਂ ਇਸ ਤੋਂ ਵੱਧ ਨੁਕਸਾਨ ਹੋਇਆ ਹੈ ਉਨ੍ਹਾਂ ਦੇ ਥੋੜੇ ਸਮੇਂ ਦੇ ਖੇਤੀ ਬਾੜੀ ਕਰਜ਼ਿਆਂ ਨੂੰ ਦਰਮਿਆਨੀ ਮਿਆਦ ਦੇ ਕਰਜ਼ਿਆਂ ਵਿਚ ਬਦਲ ਦਿੱਤਾ ਜਾਂਦਾ ਹੈ।

ਰਾਜ ਦੇ ਕਈ ਜ਼ਿਲ੍ਹਿਆਂ ਵਿਚ ਹੜ੍ਹਾਂ ਨਾਲ ਹੁਣੇ ਜਿਹੇ ਹੋਈ ਤਬਾਹੀ ਕਾਰਨ, ਇਸ ਵਿਭਾਗ ਵਲੋਂ ਥੋੜੇ ਸਮੇਂ ਦੇ ਕਰਜ਼ਿਆਂ ਨੂੰ ਦਰਮਿਆਨੀ ਮਿਆਦ ਦੇ ਕਰਜ਼ਿਆਂ ਵਿਚ ਤਬਦੀਲ ਕਰਨ ਦਾ ਪ੍ਰਬੰਧ ਕਰਨ ਦੇ ਮੰਤਵ ਨਾਲ ਅਗੇਤਾ ਸਰਵੇ ਕੀਤਾ ਗਿਆ ਹੈ। ਇਹ ਅੰਦਾਜ਼ਾ ਲਾਇਆ ਗਿਆ ਹੈ ਕਿ ਕੁਲ 12.91 ਕਰੋੜ ਰੁਪਏ ਦੇ ਕਰਜ਼ਿਆਂ ਦੀ ਬਦਲਣ ਦੀ ਲੋੜ ਹੋਵੇਗੀ ।

ਰਾਸ਼ਟਰੀ ਖੇਤੀ ਬਾੜੀ ਅਤੇ ਪੇਂਡੂ ਵਿਕਾਸ ਬੈਂਕ (ਨਾਬਾਰਡ) ਦੀਆਂ ਮੌਜੂਦਾ ਹਦਾਇਤਾਂ ਅਨੁਸਾਰ ਇਹ ਤਬਦੀਲੀ (ਕਨਵਰਸ਼ਨ) ਲਈ 15 ਫੀ ਸਦੀ ਹਿਸਾ ਸਬੰਧਤ ਕੇਂਦਰੀ ਸਹਿਕਾਰੀ ਬੈਂਕ, 10 ਫੀ ਸਦੀ ਪੰਜਾਬ ਸਟੇਟ ਕੋਆਪਰੇਟਿਵ ਬੈਂਕ ਅਤੇ 15 ਫੀ ਸਦੀ ਰਾਜ ਸਰਕਾਰ ਵਲੋਂ ਦਿਤਾ ਜਾਂਦਾ ਹੈ। ਨਾਬਾਰਡ ਵਲੋਂ ਤਹਿ ਕੀਤੇ ਗਏ ਤਰੀਕੇ (ਪਰੋਸੀਜ਼ਰ) ਅਨੁਸਾਰ ਸਕੀਮ ਨੰ: ਸੀ: ਐਨ. 2.5 ਕੇਂਦਰੀ ਸਹਿਕਾਰੀ ਬੈਂਕਾਂ ਨੂੰ ਖੇਤੀ ਬਾੜੀ ਕਰਜ਼ਾ ਸਟੈਬਲਾਈਜ਼ੇਸ਼ਨ ਫੰਡ ਲਈ ਸਹਾਇਤਾ ਥੱਲੇ ਖੇਤੀਬਾੜੀ ਕਰਜ਼ਾ ਸਟੈਬਲਾਈਜ਼ੇ-ਸ਼ਨ ਫੰਡ ਲਈ ਹੇਠ ਲਿਖੇ ਅਨੁਸਾਰ ਪੂਰਬਕ ਅਨੁਮਾਨਤ ਹਿਸਾ (ਕੰਟਰੀਬਿਊਸ਼ਨ) ਹੋਵੇਗਾ :—

1.	ਨਬਾਰਡ (60 ਫੀ ਸਦੀ ਦੀ ਦਰ ਨਾਲ)	...	7.75 ਕਰੋੜ ਰੁਪਏ
2.	ਰਾਜ ਸਰਕਾਰ (15 ਫੀਸਦੀ ਦੀ ਦਰ ਨਾਲ)	...	1.94 ਕਰੋੜ ਰੁਪਏ
3.	ਕੇਂਦਰੀ ਸਹਿਕਾਰੀ ਬੈਂਕ (15 ਫੀ ਸਦੀ ਦੀ ਦਰ ਨਾਲ)		1.94 ਕਰੋੜ ਰੁਪਏ
4.	ਸਟੇਟ ਕੋਆਪਰੇਟਿਵ ਬੈਂਕ (10 ਫੀ ਸਦੀ ਦੀ ਦਰ ਨਾਲ)		1.28 ਕਰੋੜ ਰੁਪਏ
	ਜੋੜ	...	12.91 ਕਰੋੜ ਰੁਪਏ

ਥੋੜ੍ਹੇ ਸਮੇਂ ਦੇ ਖੇਤੀ ਬਾੜੀ ਕਰਜ਼ੇ ਜੋ ਦਰਮਿਆਨੀ ਮਿਆਦ ਦੇ ਕਰਜ਼ਿਆਂ ਵਿਚ ਤਬਦੀਲ ਕੀਤੇ ਜਾਣੇ ਹਨ ਦੀ ਅਸਲ ਹਦ ਬਾਰੇ ਉਦੋਂ ਪਤਾ ਲਗੇਗਾ ਜਦੋਂ ਮਹਿਕਮਾ ਮਾਲ ਦੇ ਅਧਿਕਾਰੀਆਂ ਵਲੋਂ ਸਹਿ-ਕਾਰੀ ਸਭਾਵਾਂ ਦੇ ਮੈਂਬਰਾਂ ਨੂੰ ਹੋਏ ਨੁਕਸਾਨ ਬਾਰੇ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।

Completion of Bridge on West Bein

11. **Sardar Bachan Singh**: Will the Caief Minister be pleased to state:—

(a) whether there is any proposal under consideration of the Government to construct a bridge on the Bein, near Gurdwara Ber Sahib which runs from Didwindi in Merripur side near Sultanpur Lodhi and village Jainpur;

(b) if so, the approximate time by which it is likely to be constructed ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਗੁਰਦਵਾਰਾ ਬੇਰ ਸਾਹਿਬ ਦੇ ਨੇੜੇ ਸੁਲਤਾਨਪੁਰ ਲੋਧੀ ਵਿਖੇ ਵੈਸਟ ਬਈਂ ਤੇ ਡਰੇਨੇਜ ਵਿਭਾਗ ਨੇ ਮਾਰਕੀਟ ਕਮੇਟੀ, ਸੁਲਤਾਨਪੁਰ ਲੋਧੀ ਦੀ ਬੇਨਤੀ ਤੇ ਡੀਪਾਜ਼ਿਟ ਵਰਕ ਦੇ ਆਧਾਰ ਤੇ ਪੁੱਲ ਬਣਾਉਣ ਬਾਰੇ ਮਈ, 1979 ਵਿੱਚ ਕੰਮ ਹੱਥ ਵਿੱਚ ਲਿਆ ਸੀ, ਜਿਸ ਬਾਰੇ 6.00 ਲੱਖ ਰੁਪਏ ਕਮੇਟੀ ਨੇ ਜਮ੍ਹਾਂ ਕਰਵਾਏ ਸੀ। ਇਸ ਕੰਮ ਦਾ ਕੁੱਲ ਖਰਚਾ 20.00 ਲੱਖ ਰੁਪਏ ਤੋਂ ਜ਼ਿਆਦਾ ਹੈ। ਮਾਰਕੀਟ ਕਮੇਟੀ, ਸੁਲਤਾਨਪੁਰ ਲੋਧੀ ਨੂੰ ਵਾਰ ਵਾਰ ਬੇਨਤੀ ਕਰਨ ਦੇ ਬਾਵਜੂਦ ਵੀ ਕਮੇਟੀ ਵਲੋਂ ਬਕਾਇਆ ਰਕਮ ਜਮ੍ਹਾਂ ਨਹੀਂ ਕਰਵਾਈ ਗਈ ਸੀ, ਇਸ ਕਾਰਨ ਕੰਮ ਨੂੰ ਬੰਦ ਕਰਨਾ ਪਿਆ ਸੀ।

(ਅ) ਮਾਰਕੀਟ ਕਮੇਟੀ ਸੁਲਤਾਨਪਰ ਲੋਧੀ ਵਲੋਂ ਫੰਡਜ਼ ਜਮ੍ਹਾਂ ਕਰਵਾਉਣ ਉਪਰੰਤ ਹੀ ਕੰਮ ਪੂਰਾ ਕਰਨ ਦੇ ਸਮੇਂ ਬਾਰੇ ਦਸਿਆ ਜਾ ਸਕਦਾ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਆਰਡਰ, ਸਰ। ਕੁਐਸਚਨ ਆਵਰ ਤੋਂ ਪਹਿਲਾਂ ਅਗਰ ਸ਼ਾਰਟ ਨੋਟਿਸ ਕੁਐਸਚਨਜ਼ ਹੋ ਜਾਣ ਤਾਂ ਬੜੀ ਮਿਹਰਬਾਨੀ ਹੋਵੇਗੀ।

ਸ੍ਰੀ ਸਪੀਕਰ : ਇਹ ਦੁਪਹਿਰ ਦੇ ਸੈਸ਼ਨ ਵਿਚ ਲਿਆਵਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ : ** ** ** (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੇਰਾ ਇਕ ਸਵਾਲ ਸੀ ਉਸ ਦਾ ਜਵਾਬ ਨਹੀਂ ਦਿਤਾ ਗਿਆ ਹੈ (ਵਿਘਨ)।

ਸ੍ਰੀ ਸਪੀਕਰ : ਇਸ ਸਵਾਲ ਲਈ ਐਕਸਟੈਨਸ਼ਨ ਮੰਗੀ ਗਈ ਹੈ। ਇਸ ਲਈ ਤੁਸੀਂ ਸਪਲੀਮੈਂਟਰੀ ਨਹੀਂ ਕਰ ਸਕਦੇ। ਲੇਕਿਨ ਜਵਾਬ ਇਸ ਬਾਰੇ ਤੁਹਾਡੇ ਕੋਲ ਜ਼ਰੂਰ ਆਏਗਾ।

ਮਾਸਟਰ ਮੋਹਨ ਲਾਲ : ਜਿਹੜੇ ਆਦਮੀ ਇਸ ਵਿਚ ਇਨਵਾਲਵਡ ਹਨ ....(ਵਿਘਨ)।

ਸ੍ਰੀ ਸਪੀਕਰ : ਇਸ ਬਾਰੇ ਜਵਾਬ ਤੁਹਾਡੇ ਕੋਲ ਆਏਗਾ ਔਰ ਅਗਰ ਉਸ ਨਾਲ ਤੁਹਾਡੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਫਿਰ ਤੁਸੀਂ ਮੇਰੇ ਕੋਲ ਆ ਜਾਣਾ।

**Expunged as ordered by the Chair

ਡਾਕਟਰ ਕੇਵਲ ਕ੍ਰਿਸ਼ਨ : 252, ਰੂਲ ਅਧੀਨ, ਬਰੀਚ ਆਫ ਪ੍ਰਿਵਲਿਜ ਦਿਤੀ ਸੀ 12 ਮਰਡਰਜ਼ ਹੋਏ ਸਨ ਜਦ ਕਿ ਵਿੱਤ ਮੰਤਰੀ ਨੇ ਕਿਹਾ ਸੀ ਕਿ 5 ਮਰਡਰਜ਼ ਹੋਏ ਹਨ । (ਵਿਘਨ)

ਸ੍ਰੀ ਸਪੀਕਰ : ਮੈਨੂੰ ਹਾਲੇ ਜਵਾਬ ਨਹੀਂ ਮਿਲਿਆ ਹੈ, ਜਦੋਂ ਇਹ ਮੇਰੇ ਕੋਲ ਆ ਜਾਏਗਾ ਤਾਂ ਮੈਂ ਆਪਣੀ ਰੂਲਿੰਗ ਦੇ ਦਿਆਂਗਾ ।

ਡਾਕਟਰ ਕੇਵਲ ਕ੍ਰਿਸ਼ਨ : ਅੱਜ ਸੈਸ਼ਨ ਖਤਮ ਹੋ ਜਾਣਾ ਹੈ ।

ਸ੍ਰੀ ਸਪੀਕਰ : ਸੈਸ਼ਨ 6-30 ਵਜੇ ਖਤਮ ਹੋਣਾ ਹੈ ।

CALL ATTENTION NOTICES UNDER RULE 66
(Serial No. 45)

Sardar Surjit Singh Minhas Advocate : Sir, I beg to draw the attention of the Government towards a matter of urgent public importance, namely Sugarcane crop is ripe and is being crushed by the Sugar Mills in the State but the Central Government not having announced its support price, the farmers in the State are in great suspense and thus cannot assess the loss or profit they are likely to suffer, or earn, as the case may be.

It is, therefore, in the public interest that the Central Government is approached to do the needful. The Minister concerned is requested to make a statement in the matter.

Agriculture and Forest Minister (Captain Amarinder Singh) : Sir, the minimum price of sugarcane payable by the producer of sugar is fixed by the Government of India in accordance with the provisions of rule 3 of the Sugarcane (Control) Order, 1966, *inter alia*, taking into account the cost of production of sugarcane, the return to the growers of other crops, trend of prices of agricultural commodities, availability of sugar to the consumer at a fair price, the price at which the producer sells sugar, recovery of sugar from the cane as so containd in the aforesaid rule. The State Government fixes the advised price payable by the sugar mills to the farmers within the State after the announcement by the Government of India. Before the actual fixation of price for any crushing season, the State Government advises the sugar mills to pay the farmers provisionally at the price of the previous year and to make additional payment after the announce ment of the advised price, which exercise takes time to complete.

During the year 1984-85, it was on 24th November, 1984 that the Government of India announced the minimum price as Rs.14/- per quintal of sugarcane linked with a recovery of 8.5% of suger. But the State Advised price was fixed at Rs.22/- for general varieties and Rs. 25/-for the Co. J-64 veriety on 22nd January, 1985 after due consultation with the representatives of the mills and growers etc. Prior to 22.1.85, the mills were advised to pay a price provisionally at the rate of Rs. 20/-to Rs.23/- per quintal as fixed for the year 1983-84. The payment of Rs. 2.68 crores due to the final increase in price of Rs.2/-per quintal was paid to the grower subsequently.

As regards the price for the year 1985-86, the State Government has proposed a minimum price of Rs. 22 in consultation with the experts of PAU. Recommendations in this regards have been sent and the matter was also discussed with the Government of India during March, 1985. Considering the urgency a telegram was also addressed to the Union Minister on 18th October, 1985 and letters sent on 18th October, 1985 and another telegram on 30th October, 1985 for early fixation of the price. The State Government is making all endeavours to to get the price fixed early. In the meantime as per practice of the previous year, the mills have been advised to make provisional payment to the farmers at the rates of the previous year i.e. 1984-85, subject to the adjustment, after the State fixed the advised price, which would be done after the Govt-of India announces the minimum cane price for the current crushing season. The farmers should have no cause of worry as their interests are fully safeguarded in respect of the payment by the mills, at rates finally fixed by the Government for the current season.

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਝੋਨੇ ਦਾ ਭਾਅ ਦਸ ਦਿਨ ਲੇਟ ਅਨਾਊਂਸ ਹੋਇਆ ਜਿਸ ਨਾਲ ਬੜੀ ਦਿਕਤ ਪੇਸ਼ ਆਈ ਹੈ। ਨਰਮੇ ਦਾ ਭਾਅ ਅਨਾਉਂਸ ਨਹੀਂ ਹੋਇਆ। ਗੰਨੇ ਦਾ ਭਾਅ 28 ਰੁਪਏ ਕੁਇੰਟਲ ਹੋਇਆ ਜਦ ਕਿ ਪਿਛਲੇ ਸਾਲ ਇਸ ਦਾ ਭਾਅ 23 ਰੁਪਏ ਕੁਇੰਟਲ ਸੀ। ਭੋਗ ਪੁਰ ਦੀ ਮਿਲ ਚਾਲੂ ਹੋ ਗਈ ਹੈ। 26 ਤਾਰੀਖ ਨੂੰ ਬਟਾਲਾ ਦੀ ਮਿਲ ਚਾਲੂ ਹੋਈ ਹੈ ਔਰ 28 ਤਾਰੀਖ ਨੂੰ ਨਵਾਂ ਸ਼ਹਿਰ ਦੀ ਮਿਲ ਚਾਲੂ ਹੋਈ ਹੈ। ਜਿਹੜੀ ਕੇਂਦਰ ਸਰਕਾਰ ਦੀ ਕਮੇਟੀ ਹੈ ਜੋ ਕਿ ਇਹ ਜਿਨਸਾਂ ਦੇ ਭਾਅ ਫਿਕਸ ਕਰਦੀ ਹੈ ਉਸ ਤੇ ਜ਼ੋਰ ਪਾਇਆ ਜਾਣਾ ਚਾਹੀਦਾ ਹੈ ਕਿ ਕਿਸਾਨਾਂ ਦੇ ਜਿਨਸਾਂ ਦੇ ਭਾਅ ਪਰੋਪੋਰਸ਼ਨੇਟਲੀ ਜੋ ਉਸ ਦੇ ਪਰੋਡਕਟਸ ਦੇ ਭਾਅ ਹਨ ਉਸ ਹਿਸਾਬ ਨਾਲ ਫਿਕਸ ਹੋਣੇ ਚਾਹੀਦੇ ਹਨ। ਚੀਨੀ ਬਾਜ਼ਾਰ ਵਿਚ ਸਾਢੇ ਅੱਠ ਰੁਪਏ ਕਿਲੋ ਮਿਲਦੀ ਹੈ, ਉਸੇ ਹਿਸਾਬ ਨਾਲ ਗੰਨੇ ਦਾ ਭਾਅ ਨਿਸ਼ਚਿਤ ਹੋਣਾ ਚਾਹੀਦਾ ਹੈ। 1977-78 ਵਿਚ ਅਕਾਲੀ ਸਰਕਾਰ ਸੀ ਅਤੇ ਉਸ ਵੇਲੇ 2.30 ਰੁਪਏ ਕਿਲੋ ਚੀਨੀ ਬਾਜ਼ਾਰ ਵਿਚ ਮਿਲਦੀ ਸੀ ਅਤੇ ਗੰਨੇ ਦੇ ਭਾਅ ਨਾਲੋਂ ਤਕਰੀਬਨ ਡੇਢ ਗੁਣਾ ਕੀਮਤ ਸੀ। ਪਰ ਅੱਜ ਚੀਨੀ ਦੇ ਭਾਅ ਗੰਨੇ ਨਾਲੋਂ ਕਿਤੇ ਜ਼ਿਆਦਾ ਹਨ। ਇਸ ਲਈ ਮੇਰੀ ਅਰਜ਼ ਹੈ ਕਿ ਪੰਜਾਬ ਸਰਕਾਰ ਨੂੰ ਕੇਂਦਰ ਦੀ ਕਮੇਟੀ ਅੱਗੇ, ਉਸ ਦੇ ਜ਼ਰਾਇਤ ਮਹਿਕਮੇਂ ਕੋਲ ਤਜਵੀਜ ਰੱਖਣੀ ਚਾਹੀਦੀ ਹੈ ਕਿ ਕਿਸਾਨਾਂ ਦੀ ਜਿਨਸ ਦੇ ਭਾਅ ਦੇਸ਼ ਵਿਚ ਜੋ ਇਨਫਲੇਸ਼ਨਰੀ ਰੇਟ ਹੈ ਉਸ ਨੂੰ ਮੁੱਖ ਰਖਦੇ ਹੋਏ ਉਸ ਨਾਲ ਮੇਲ ਖਾਂਦੇ ਰੱਖਣੇ ਚਾਹੀਦੇ ਹਨ।

ਮੰਤਰੀ : ਇਸ ਸਬੰਧ ਵਿਚ ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਅਸੀਂ ਮੈਂਬਰ ਸਾਹਿਬ ਨਾਲ ਇਸ ਪੁਆਇੰਟ ਤੇ ਸਹਿਮਤ ਹਾਂ ਕਿ ਜਦੋਂ ਜਿਨਸਾਂ ਦੇ ਭਾਅ ਫਿਕਸ ਕੀਤੇ ਜਾਂਦੇ ਹਨ ਅਤੇ ਉਸ ਲਈ ਮਨਿਸਟਰੀ ਭਾਅ ਅਨਾਉਂਸ ਕਰਦੀ ਹੈ ਸਪੋਰਟ ਪਰਾਈਸ ਵਾਸਤੇ ਤਾਂ ਉਸ ਦਾ ਸਬੰਧ ਇਨਫਲੇਸ਼ਨਰੀ ਰੇਟ ਨਾਲ ਰੱਖਣਾ ਚਾਹੀਦਾ ਹੈ। ਇਹੀ ਹਾਲ ਜ਼ੀਰੀ, ਨਰਮਾ ਔਰ ਗੰਨੇ ਦਾ ਹੈ। ਇਸ ਬਾਰੇ ਅਸੀਂ ਆਪਣੇ ਵਲੋਂ ਤਜਵੀਜ਼ ਰੱਖਾਂਗੇ। ਅਸੀਂ ਸੈਂਟਰ ਨੂੰ ਪਰੈਸ਼ਰ ਪਾ ਰਹੇ ਹਾਂ। ਮੈਂ ਉਥੇ ਦੇ ਮਨਿਸਟਰ ਸਾਹਿਬ ਨੂੰ ਵੀ ਮਿਲ ਚੁਕਾ ਹਾਂ। ਜਿਨਸਾਂ ਦੀਆਂ ਰੀਅਲਿਸਟਿਕ ਪਰਾਈਸਿਜ਼ ਹੋਣੀਆਂ ਚਾਹੀਦੀਆਂ ਹਨ ਔਰ ਇਹ ਟਾਈਮ ਸਿਰ ਅਨਾਊਂਸ ਹੋਣੀਆਂ ਚਾਹੀਦੀਆਂ ਹਨ।

(ਕ੍ਰਮ ਨੰ: 47)

1 ਸਰਦਾਰ ਸੁਖਦੇਵ ਸਿੰਘ ਢਿੱਲੋਂ
2 ਸਰਦਾਰ ਬਲਦੇਵ ਸਿੰਘ ਮਾਨ ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਸਕੂਲਾਂ ਦੇ ਵਿਦਿਆਰਥੀਆਂ ਵਾਸਤੇ ਪਾਠ ਪੁਸਤਕਾਂ ਦੀ ਬਹੁਤ ਘਾਟ ਹੈ। ਜਦੋਂ ਕਿ ਸਾਲ ਦਾ ਅੱਧ ਨਾਲੋਂ ਵੱਧ ਸਮਾਂ ਬੀਤ ਚੁਕਾ ਹੈ ਤੇ ਇਮਤਿਹਾਨ ਬੱਚਿਆਂ ਦੇ ਸਿਰ ਤੇ ਆ ਰਹੇ ਹਨ। ਅਜੇ ਤੱਕ ਕਈ ਕਲਾਸਾਂ ਦੇ ਵੱਖੋ ਵੱਖ ਮਜ਼ਮੂਨਾਂ ਦੀਆਂ ਕਿਤਾਬਾਂ ਛਪੀਆਂ ਹੀ ਨਹੀਂ। ਪਰ ਇਸ ਦੇ ਉਲਟ ਪ੍ਰਾਈਵੇਟ ਪਬਲਿਸ਼ਰ ਹੂ-ਬ-ਹੂ ਸਲੇਬਸ ਗਾਈਡਾਂ ਵਿਚ ਛਾਪ ਕੇ ਲੱਖਾਂ ਰੁਪਏ ਕਮਾ ਰਹੇ ਹਨ। ਜਿਸ ਕਾਰਨ ਗਰੀਬ ਮਾਪਿਆਂ ਦੇ ਬੱਚਿਆਂ ਨੂੰ ਜਿਥੇ ਭਾਰੀ ਆਰਥਿਕ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਉਥੇ ਉਹ ਚੰਗੀ ਕਿਤਾਬ ਦੀ ਘਾਟ ਕਾਰਨ ਉਚੇਰੀ ਪੜ੍ਹਾਈ ਵਲੋਂ ਵੀ ਵਾਂਝੇ ਰਹਿੰਦੇ ਹਨ। ਪਾਠ ਪੁਸਤਕਾਂ ਦਾ ਸਮੇਂ ਸਿਰ ਨਾ ਛਪਣਾ ਉਸ ਸੰਸਥਾ ਦੀ ਜਿਸ ਜ਼ਿਮੇ ਇਹ ਕੰਮ ਹੈ ਜਿਥੇ ਵੱਡੀ ਭਾਰੀ ਅਣਗਹਿਲੀ ਹੈ ਉਥੇ ਮਾਪਿਆਂ ਦੇ ਵਾਧੂ ਆਰਥਿਕ ਭਾਰ ਵੀ ਹੈ। ਕੀ ਸਿਖਿਆ ਮੰਤਰੀ ਜੀ ਇਸ ਸਬੰਧੀ ਬਿਆਨ ਸਦਨ ਵਿਚ ਦੇਣ ਦੀ ਕਿਰਪਾਲਤਾ ਕਰਨਗੇ।

ਸਿਖਿਆ ਮੰਤਰੀ (ਸਰਦਾਰ ਸੁਖਜਿੰਦਰ ਸਿੰਘ): ਸਕੂਲਾਂ ਲਈ ਨੀਯਤ ਕੀਤੀਆਂ ਕੁਲ 231 ਪੁਸਤਕਾਂ ਵਿਚੋਂ ਇਸ ਵੇਲੇ ਕੇਵਲ ਤਿੰਨ ਹੀ ਛਪਾਈ ਅਧੀਨ ਹਨ ਅਤੇ ਇਹ ਵੀ ਦੋ ਹਫਤਿਆਂ ਵਿਚ ਉਪ-ਲਬਧ ਹੋ ਜਾਣਗੀਆਂ। ਸਾਰੇ ਯਤਨਾਂ ਦੇ ਬਾਵਜੂਦ ਸਸਤੀਆਂ ਦਰਾਂ ਦੇ 3000 ਮੀ. ਟਨ ਕਾਗਜ਼ ਦੀ ਕੁਲ ਲੋੜ ਦੇ ਮੁਕਾਬਲੇ ਭਾਰਤ ਸਰਕਾਰ ਦੁਆਰਾ ਕੇਵਲ 2243 ਮੀ. ਟਨ ਕਾਗਜ਼ ਪ੍ਰਾਪਤ, ਹੋਇਆ।

ਪਿਛਲੀ ਸਰਕਾਰ ਵਲੋਂ ਐਨ. ਸੀ. ਈ. ਆਰ. ਟੀ. ਦੀਆਂ ਪਾਠ ਪੁਸਤਕਾਂ ਅਪਨਾਉਣ ਦਾ ਫੈਸਲਾ ਬੜੀ ਦੇਰ ਨਾਲ ਲੈਣ ਕਾਰਨ ਛਪਾਈ ਪ੍ਰੋਗਰਾਮ ਵਿਚ ਭਾਰੀ ਵਿਘਨ ਪਿਆ।

ਗਾਈਡਾਂ ਦੀ ਛਪਾਈ ਤੇ ਕੋਈ ਕਾਨੂੰਨੀ ਪਾਬੰਦੀ ਨਹੀਂ ਹੈ।

ਸਰਦਾਰ ਸੁਖਦੇਵ ਸਿੰਘ ਢਿੱਲੋਂ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੁਸਤਕਾਂ ਦੀ ਘਾਟ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਪੁਸਤਕਾਂ ਦੀ ਛਪਾਈ ਦੀ ਘਾਟ ਕਾਰਨ ਬੱਚਿਆਂ ਨੂੰ ਜਿਹੜੀਆਂ ਪੁਸਤਕਾਂ ਸਮੇਂ ਸਿਰ ਨਹੀਂ ਮਿਲਦੀਆਂ ਕੀ ਇਹ ਇਸ ਦੀ ਇਨਕੁਆਇਰੀ ਕਰਨ ਲਈ ਤਿਆਰ ਹਨ ਤਾਂਕਿ ਬੱਚਿਆਂ ਦਾ ਪੜ੍ਹਾਈ ਦਾ ਨੁਕਸਾਨ ਨਾ ਹੋਵੇ ?

ਮੰਤਰੀ: ਮੈਂ ਕੱਲ੍ਹ ਵੀ ਇਸ ਸਬੰਧ ਵਿਚ ਜਵਾਬ ਦਿੱਤਾ ਸੀ ਕਿ ਇਸ ਵਿਚ ਜ਼ਾਹਿਰਾ ਤੌਰ ਤੇ ਕੋਈ ਐਸੀ ਗੱਲ ਨਜ਼ਰ ਨਹੀਂ ਆਉਂਦੀ। ਸਿਲੇਬਸ ਬਦਲਣ ਕਰ ਕੇ ਫੈਸਲਾ ਲੇਟ ਹੋਇਆ। ਦੂਸਰਾ, ਇਹ ਕਿ ਕਾਗਜ਼ ਸਬਸੀਡਾਈਜ਼ਡ ਰੇਟ ਤੇ ਜਿਹੜਾ ਆਉਂਦਾ ਹੈ ਉਹ ਲੇਟ ਪਹੁੰਚਿਆ। ਅਸੀਂ ਇਹ ਕੋਸ਼ਿਸ਼ ਕੀਤੀ ਹੈ ਕਿ ਅਗਲੇ ਸਾਲ ਤੋਂ ਇਹ ਤਕਲੀਫ ਨਾ ਹੋਵੇ।

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਇਹ ਪ੍ਰੈਕਟਿਸ ਰਹੀ ਹੈ ਕਿ ਉਹ ਜਾਣ ਬੁਝ ਕੇ ਪ੍ਰਾਈਵੇਟ ਪਬਲਿਸ਼ਰਜ਼ ਨੂੰ ਪੈਸੇ ਖਟਾਉਣ ਦੀ ਖਾਤਰ ਉਹ ਗਾਈਡ ਬੁਕਸ ਲਗਵਾ ਦਿੰਦੇ ਸਨ ਅਤੇ ਪਾਠ ਪੁਸਤਕਾਂ ਛਪਣ ਨਹੀਂ ਸਨ ਦਿੰਦੇ। ਸੱਤਵੀਂ ਜਮਾਤ ਦੀ ਹਿਸਾਬ ਦੀ ਕਿਤਾਬ ਮਾਰਕਿਟ ਵਿਚ ਨਹੀਂ ਆਈ। ਕੀ ਇਸ ਦਾ ਕਾਰਨ ਇਹ ਨਹੀਂ ਕਿ ਸਾਲ ਬਾਅਦ ਸਿਲੇਬਸ ਬਦਲ ਦਿੰਦੇ ਹਨ, ਕਿਤਾਬਾਂ ਬਦਲ ਦਿੰਦੇ ਹਨ। ਇਸ ਲਈ ਮੈਂ, ਪੁੱਛਣਾ ਚਾਹੁੰਦਾ ਹਾਂ ਕਿ ਕੀ ਨਵੀਆਂ ਕਲਾਸਾਂ ਸ਼ੁਰੂ ਕਰਨ ਤੋਂ ਪਹਿਲਾਂ ਪਾਠ ਪੁਸਤਕਾਂ ਮਾਰਕਿਟ ਵਿਚ ਆ ਜਾਇਆ ਕਰਨਗੀਆਂ ਤਾਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ?

ਮੰਤਰੀ: ਮੈਂ ਤਾਂ ਕੱਲ੍ਹ ਹਾਊਸ ਨੂੰ ਵਿਸ਼ਵਾਸ ਦਿਵਾ ਚੁਕਾ ਹਾਂ ਕਿ ਅਗਲੇ ਸਾਲ ਤੋਂ ਕੋਈ ਸ਼ਿਕਾਇਤ ਨਹੀਂ ਹੋਵੇਗੀ, ਜੇ ਹੋਵੇਗੀ ਤਾਂ ਦੇਖ ਲਵਾਂਗੇ ।

(ਕ੍ਰਮ ਨੰ: 53)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਰਾਜ ਵਿਚ ਗੰਨਾ ਖਰੀਦ ਕੇਂਦਰ ਕਾਇਮ ਕਰਨ ਵਿਚ ਦੇਰੀ ਹੋ ਰਹੀ ਹੈ । ਰੱਖੜਾ ਮਿਲ ਨੇ ਸ਼ਮਸਪੁਰ ਬਲਾਕ ਸਰਹੰਦ ਫੋਕਲ ਕੇਂਦਰ ਤੇ ਕੰਡਾ ਲਾਉਣ ਦਾ ਫੈਸਲਾ ਕੀਤਾ ਸੀ ਜੋ ਵਾਪਸ ਲੈ ਲਿਆ ਹੈ । ਇਸ ਕੇਂਦਰ ਦੇ ਸਾਰੇ ਪਿੰਡ ਰੱਖੜਾ ਮਿਲ ਦੇ ਮੈਂਬਰ ਹਨ । ਕੰਡਾ ਖਰੀਦ ਨਾ ਲਗਣ ਕਰਕੇ 20 ਪਿੰਡਾਂ ਦੇ ਗੰਨਾ ਉਤਪਾਦਕ ਪਰੇਸ਼ਾਨ ਤੇ ਦੁਖੀ ਹਨ । ਇਥੇ ਗੰਨਾ ਖਪਤ ਦਾ ਕੋਈ ਵੀ ਪ੍ਰਬੰਧ ਨਹੀਂ । ਇਸ ਮਿਲ ਦੇ ਸਹਾਰੇ ਹੀ ਬੀਜਿਆ ਸੀ । ਗੰਨਾ ਉਤਪਾਦਕ ਵਿਸ਼ੇਸ਼ਕਰ ਕੇ ਦੁਖੀ ਤੇ ਪ੍ਰੇਸ਼ਾਨ ਹਨ । ਖੇਤੀ ਬਾੜੀ ਮੰਤਰੀ ਸ਼ੀਘਰ ਸਦਨ ਵਿਚ ਬਿਆਨ ਦੇਣ ।

ਖੇਤੀਬਾੜੀ ਅਤੇ ਵਣ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਖੰਡ ਮਿੱਲਾਂ ਨੂੰ ਗੰਨਾ ਸਪਲਾਈ ਕਰਨ ਲਈ ਸ਼ੂਗਰਕੇਨ (ਕੰਟਰੋਲ) ਆਰਡਰ, 1966 ਦੀ ਧਾਰਾ 6 ਅਧੀਨ ਖੰਡ ਮਿਲਾਂ ਦੀ ਲੋੜ ਮੁਤਾਬਿਕ ਭਿੰਨ ਭਿੰਨ ਖੰਡ ਮਿੱਲਾਂ ਲਈ ਰਾਜ ਸਰਕਾਰ ਰਾਖਵਾਂ ਰਕਬਾ ਘੋਸ਼ਿਤ ਕਰਦੀ ਹੈ । ਖੰਡ ਮਿੱਲਾਂ ਉਨ੍ਹਾਂ ਦੇ ਇਸ ਰਖਵੇਂ ਰਕਬੇ ਦੇ ਗੰਨਾਂ ਕਾਸ਼ਤਕਾਰਾਂ ਤੋਂ ਗੰਨਾ ਖਰੀਦਣ ਦੀ ਪਾਬੰਦ ਹੁੰਦੀ ਹੈ । ਪਟਿਆਲਾ ਸਹਿਕਾਰੀ ਖੰਡ ਮਿੱਲ ਲਿਮਟਿਡ, ਰਖੜਾ ਲਈ ਲੋੜੀਂਦਾ ਰਕਬਾ ਸਰਕਾਰੀ ਗਜ਼ਟ ਵਿਚ ਮਿਤੀ 22 ਮਾਰਚ, 1985 ਨੂੰ ਪ੍ਰਕਾਸ਼ਿਤ ਹੋਇਆ ਸੀ । 236 ਪਿੰਡ ਇਸ ਮਿੱਲ ਨਾਲ ਲਗਾਏ ਗਏ ਹਨ ।

ਪਟਿਆਲਾ ਸਹਿਕਾਰੀ ਖੰਡ ਮਿੱਲ, ਰੱਖੜਾ ਵਲੋਂ ਪਿੜਾਈ ਰੁਤ 1985-86 ਲਈ ਗੰਨਾ ਖਰੀਦ ਕੇਂਦਰ ਸਥਾਪਤ ਕਰਨ ਸਬੰਧੀ ਤਜਵੀਜ਼ ਅਤੇ ਦੂਜੀਆਂ ਮਿੱਲਾਂ ਤੋਂ ਇਸ ਸਬੰਧੀ ਪ੍ਰਾਪਤ ਹੋਈਆਂ ਤਜਵੀਜ਼ਾਂ ਦੀ ਪ੍ਰਵਾਨ-ਗੀ ਪਹਿਲਾਂ ਹੀ ਦਿੱਤੀ ਜਾ ਚੁਕੀ ਹੈ । ਪਟਿਆਲਾ ਸਹਿਕਾਰੀ ਮਿੱਲ, ਰੱਖੜਾ ਵਲੋਂ ਪਿੰਡ ਸ਼ਮਸ਼ਪੁਰ, ਬਲਾਕ ਸਰਹੰਦ ਵਿਖੇ ਗੰਨਾ ਖਰੀਦ ਕੇਂਦਰ ਲਗਾਉਣ ਸਬੰਧੀ ਕੋਈ ਤਜਵੀਜ਼ ਨਹੀਂ ਸੀ । ਇਸ ਲਈ, ਪਿੰਡ ਸ਼ਮਸ਼-ਪੁਰ ਵਿਖੇ ਗੰਨਾ ਖਰੀਦ ਕੇਂਦਰ ਸਥਾਪਤ ਕਰਨ ਦਾ ਸਵਾਲ ਪੈਦਾ ਨਹੀਂ ਸੀ ਹੁੰਦਾ ।

SUPPLEMENTARY ESTIMATES (FIRST INSTALMENT) FOR THE YEAR 1985-86

1. Discussion on the Estimates of the expenditure charged on the revenues of the State

Mr. Speaker: If any Hon'ble Member wants to discuss any charged item, he may please do so.

(No one rose to speak)

DISCUSSION AND VOTING OF DEMANDS FOR SUPPLEMENTARY GRANTS

Mr. Speaker : There are 7 Demands for Supplementary Grants which are to be discussed and voted upon today. If the Hon'ble Members agree, all these Demands may be deemed to have been read and moved together as per past practice.

(Voices Yes, Yes.)

I will request that while raising discussion, the Demand number on which the discussion is sought to be raised may please be indicated by the Member concerned.

[Mr. Speaker]

Under sub-rule (4) of Rule 168 of the Rules of procedure and Conduct of Business in the Punjab Vidhan Sabha (Punjab Legislative Assembly), the guillotine will be applied at 12.30 P. M.

Demand No. 5

That a supplementary sum not exceeding Rs. 27,47,30,000 on Revenue Account be granted to the Governor to defray the charges that will come in course of payment for the year ending 31st March, 1986, in respect of Revenue.

Demand No. 10

That a supplementary sum not exceeding Rs, 3,45,00,000 on Revenue Account be granted to the Governor to defray the charges that will come incourse of payment for the year ending 31st March, 1986, in respect of District Administration.

Demand No. 16

That a supplementary sum not exceeding Rs, 1,000 on Revenue Account be granted to the Governor to defray the charges that will come in course of payment for the year ending 31st March, 1986, in respect of Education.

Demand No. 20

That a supplementary sum not exceeding Rs. 12,17,000 on capital account be granted to the Governor to defray the charges that will come in course of payment for the year ending 31st March, 1986, in respect of Information and Publicity.

Demand No. 23

That a supplementary sum not exceeding Rs. 4,50,00,000 on Revenue Account be granted to the Governor to defray the charges that will come in course of payment for the year ending 31st March, 1986, in respect of Social Security and Welfare.

Demand No. 38

That a supplementary sum not exceeding Rs. 41,00,00,000 on Capital Account be granted to the Governor to defray the charges that will come in course of payment for the year ending 31st, March, 1986, in respect of Multipurpose River Project.

Demand No. 39

That a supplementary sum not exceeding Rs. 18,33,00,000 be granted to the Governor to defray the charges that will come in course of payment for the year ending 31st March, 1986, in respect of Irrigation, Drainage and Flood Control.

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਸਪੀਕਰ ਸਾਹਿਬ, ਸਪਲੀਮੈਂਟਰੀ ਡਿਮਾਂਡਜ਼ ਦੀ ਪਹਿਲੀ ਇਨਸਟਾਲਮੈਂਟ ਸਦਨ ਵਿਚ ਐਫ.ਐਮ. ਸਾਹਿਬ ਨੇ ਪੇਸ਼ ਕੀਤੀ ਹੈ, ਇਸ ਸਬੰਧ ਵਿਚ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਡਿਮਾਂਡ ਨੰ: 5 ਜਿਹੜੀ ਕਿ ਰੈਵੇਨਿਊ ਨਾਲ ਸਬੰਧਤ ਹੈ, ਇਸ ਰਾਹੀਂ ਇਨ੍ਹਾਂ ਨੇ ਫਲੱਡ ਜਿਹੜੇ ਆਏ ਹਨ ਉਸ ਲਈ 27 ਕਰੋੜ 47 ਲੱਖ ਰੁਪਿਆ ਹੋਰ ਮੰਗਿਆ ਹੈ। ਸਪੀਕਰ ਸਾਹਿਬ, ਰਿਲੀਫ ਮਿਲਣੀ ਚਾਹੀਦੀ ਹੈ, ਨੈਚੁਰਲ ਕਲੈਮਿਟੀਜ਼ ਵਾਸਤੇ ਇਹ ਕਰਨਾ ਪੈਂਦਾ ਹੈ। ਪਾਪੂਲਰ ਗੌਰਮਿੰਟ ਦਾ ਫਰਜ਼ ਬਣਦਾ ਹੈ, ਸਰਕਾਰ ਦਾ ਫਰਜ਼ ਬਣਦਾ ਹੈ ਕਿ ਨੈਚੁਰਲ ਕਲੈ-ਮਿਟੀਜ਼ ਨਾਲ ਜਿਹੜੇ ਲੋਕੀਂ ਸਫਰ ਕਰਨ ਉਨ੍ਹਾਂ ਦੀ ਮੱਦਦ ਕੀਤੀ ਜਾਵੇ। ਪੈਸਾ ਪੰਜਾਬ ਗੌਰਮਿੰਟ

ਕੋਲ ਹੈ ਨਹੀਂ ਸੀ। ਇਸ ਕਰਕੇ 60 ਕਰੋੜ ਰੁਪਏ ਦੇ ਕਰੀਬ ਸੈਂਟਰਲ ਗੌਰਮਿੰਟ ਨੇ ਦਿੱਤਾ ਹੈ। ਜਿਸ ਵਿਚੋਂ ਮਨਿਸਟਰ ਸਾਹਿਬ ਦੀ ਇਨਫਰਮੇਸ਼ਨ ਦੇ ਮੁਤਾਬਿਕ 35 ਕਰੋੜ ਰੁਪਿਆ ਆ ਚੁੱਕਾ ਹੈ। ਗਵਰਨਰ ਐਡਰੈਸ ਵਿਚ ਇਕ ਸ਼ਬਦ ਨਹੀਂ ਕਿ ਸੈਂਟਰਲ ਗੌਰਮਿੰਟ ਨੇ ਪੰਜਾਬ ਗੌਰਮਿੰਟ ਨੂੰ ਐਨੀ ਰਿਲੀਫ ਦਿੱਤੀ ਹੈ। ਉਸ ਦਾ ਜ਼ਰਾ ਜਿੰਨਾ ਵੀ ਇਸ ਵਿਚ ਜ਼ਿਕਰ ਨਹੀਂ ਹੈ। ਨਾਸ਼ੁਕਰਾਨੇ ਦੀ ਹੱਦ ਹੋ ਗਈ ਹੈ। ਕਮ-ਅਜ਼-ਕਮ ਇਤਨਾ ਜ਼ਰੂਰ ਕੀਤਾ ਜਾਂਦਾ ਕਿ ਐਨਾ ਪੈਸਾ ਸੈਂਟਰਲ ਗੌਰਮਿੰਟ ਨੇ ਦਿੱਤਾ ਹੈ। ਜਿਹੜਾ 35 ਕਰੋੜ ਰੁਪਿਆ ਆ ਚੁੱਕਾ ਹੈ ਉਹ ਅਜੇ ਤਕ ਪੂਰਾ ਖ਼ਰਚ ਨਹੀਂ ਕੀਤਾ ਗਿਆ। ਮੈਂ ਇਸ ਬਾਰੇ ਦੋ ਤਿੰਨ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਪੰਜਾਬ ਦਾ ਕਿਸਾਨ ਨੈਚੁਰਲ ਕਲੈਮਿਟੀਜ਼ ਨਾਲ ਮਰ ਰਿਹਾ ਹੈ। ਪੰਜਾਬ ਦਾ ਕਿਸਾਨ ਬੜਾ ਮਿਹਨਤੀ ਹੈ। ਪਰ 6-7 ਕਰੋੜ ਤੋਂ ਜ਼ਿਆਦਾ ਬੱਜਟ ਦੇ ਵਿਚ ਇਸ ਬਾਰੇ ਪਰੋਵੀਜ਼ਨ ਨਹੀਂ ਰੱਖੀ ਗਈ। ਨੈਚੁਰਲ ਕਲੈਮਿਟੀਜ਼ ਤੇ ਹਰ ਸਾਲ ਜ਼ਿਆਦਾ ਪੈਸਾ ਖ਼ਰਚ ਹੁੰਦਾ ਹੈ। ਪਰਮਾਨੈਂਟਲੀ ਕਿਸਾਨ ਨੂੰ ਮੱਦਦ ਮਿਲਣੀ ਚਾਹੀਦੀ ਹੈ। ਇਸ ਦੀ ਬਹੁਤ ਸਖ਼ਤ ਜ਼ਰੂਰਤ ਹੈ। ਫਿਰ ਕਰਾਪ ਇਨਸ਼ੋਰੈਂਸ ਸਕੀਮ ਜਿਹੜੀ ਸੈਂਟਰਲ ਗੌਰਮਿੰਟ ਨੇ ਅਨਾਊਂਸ ਕੀਤੀ, ਉਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਨਾ ਹੀ ਗਵਰਨਰ ਐਡਰੈਸ ਵਿਚ ਐਸੀ ਕੋਈ ਪਰਪੋਜ਼ਲ ਹੈ। ਚੀਫ ਮਨਿਸਟਰ ਸਾਹਿਬ ਨੇ ਵੀ ਕੱਲ੍ਹ ਕੋਈ ਇਸ ਦਾ ਜ਼ਿਕਰ ਨਹੀਂ ਕੀਤਾ। ਕਰਾਪ ਇਨਸ਼ੋਰੈਂਸ ਜਿਹੜੀ ਕਿ ਪਿੰਡਾਂ ਦੇ ਲੋਕਾਂ ਵਾਸਤੇ ਬਹੁਤ ਜ਼ਰੂਰੀ ਹੈ, ਅਸੀਂ ਇਹ ਮੰਗ ਕਰਦੇ ਹਾਂ ਕਿ ਕਰਾਪਸ ਇਨਸ਼ੋਰੈਂਸ ਜਿਹੜੀ ਹੈ ਉਸ ਨੂੰ ਲਾਗੂ ਕਰਨ ਨਾਲ ਪੰਜਾਬ ਦਾ ਜਿਹੜਾ ਕਿਸਾਨ ਹੈ ਉਹ ਕੁਝ ਰਾਹਤ ਮਹਿਸੂਸ ਕਰੇਗਾ।

*

10.00* ਵਜੇ ਸਵੇਰੇ | (ਇਸ ਵਕਤ ਪੈਨਲ ਆਫ਼ ਚੇਅਰਮੈਨ ਦੇ ਮੈਂਬਰ, ਸਰਦਾਰ ਜਸਦੇਵ ਸਿੰਘ ਸੰਧੂ ਨੇ ਸਦਨ ਦੀ ਕੁਰਸੀ ਸੰਭਾਲੀ)।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਕੱਲ੍ਹ ਬੜੇ ਥੈਂਚ ਦੀ ਥਪ ਥਪਾਟ ਵਿੱਚ ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ ਕਿਸਾਨਾਂ ਤੇ 1% ਸੈਸ ਜੋ ਹੈ ਉਹ ਮਾਫ ਕੀਤਾ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਨੇ ਇਹ ਸੈਸ ਮੁਆਫ ਕੀਤਾ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਜਿੰਨੀ ਕਿਸਾਨਾਂ ਨੂੰ ਰਾਹਤ ਮਿਲੇ ਉਹ ਬਹੁਤ ਅੱਛੀ ਗੱਲ ਹੈ ਲੇਕਿਨ ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹਵਾਂਗਾ ਕਿ 1 ਰੁਪਿਆ ਸੈਸ ਦਾ ਤਾਂ ਇਨ੍ਹਾਂ ਨੇ ਹਟਾ ਦਿੱਤਾ ਲੇਕਿਨ ਜਿਹੜਾ ਬੋਨਸ ਕਿਸਾਨਾਂ ਨੂੰ ਮਿਲਦਾ ਸੀ ਜਿਹੜਾ ਪਿਛਲੇ ਸਾਲ ਝੋਨੇ ਵਾਸਤੇ ਵੀ ਮਿਲਿਆ ਸੀ, ਕਣਕ ਵਾਸਤੇ ਵੀ ਮਿਲਿਆ ਸੀ ਉਸ ਦੇ ਵਾਸਤੇ ਮੈਨੂੰ ਅਫਸੋਸ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਇਕ ਲਫਜ਼ ਵੀ ਬੋਨਸ ਦੇ ਬਾਰੇ ਨਹੀਂ ਕਿਹਾ। ਇਕ ਰੁਪਿਆ ਹਟਾ ਦਿਓ ਔਰ 3/- ਰੁਪਏ ਜਾਂ 5/- ਰੁਪਏ ਦੀ ਸ਼ਕਲ ਵਿਚ ਬੋਨਸ ਨਾਲ 45 ਕਰੋੜ ਰੁਪਿਆ ਪਿਛਲੇ ਸਾਲ ਪੰਜਾਬ ਦੇ ਕਿਸਾਨ ਨੂੰ ਮਿਲੇ ਸੀ ਉਸ ਦੇ ਬਾਰੇ, ਚੇਅਰਮੈਨ ਸਾਹਿਬ, ਕੁਝ ਵੀ ਨਾ ਕਿਹਾ ਜਾਵੇ ਔਰ ਇਸ ਤਰ੍ਹਾਂ ਕਿਸਾਨਾਂ ਦਾ ਆਪਣੇ ਆਪ ਨੂੰ ਹਿਤੈਸ਼ੀ ਜ਼ਾਹਰ ਕੀਤਾ ਜਾਵੇ, ਇਹ ਕੋਈ ਬਹੁਤ ਅੱਛੀ ਗੱਲ ਨਹੀਂ। ਮੈਂ ਆਪਣੀ ਪਾਰਟੀ ਵੱਲੋਂ ਇਹ ਕਹਾਂਗਾ ਕਿ ਕਿਸਾਨਾਂ ਦੇ ਹਿੱਤ ਨੂੰ ਦੇਖਦੇ ਹੋਏ ਪੰਜਾਬ ਗੌਰਮਿੰਟ ਨੂੰ ਬੋਨਸ ਵੀ ਕਿਸਾਨਾਂ ਨੂੰ ਦੇਣਾ ਚਾਹੀਦਾ ਹੈ ਔਰ ਕਰਾਪਸ ਇਨਸ਼ੋਰੈਂਸ ਵੀ ਲਾਗੂ ਕਰਨੀ ਚਾਹੀਦੀ ਹੈ। (ਕਾਂਗਰਸ ਪਾਰਟੀ ਵਲੋਂ ਥੰਪਿੰਗ) ਤਾਂ ਹੀ, ਚੇਅਰਮੈਨ ਸਾਹਿਬ, ਕਿਸਾਨ ਕੁਝ ਬਚ ਸਕਣਗੇ।

ਇਸ ਤੋਂ ਅੱਗੇ, ਚੇਅਰਮੈਨ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਫਲੱਡ ਰਿਲੀਫ ਖੁਸ਼ੀ ਦਿਓ ਔਰ ਇਹ ਰਿਲੀਫ ਦੇਣਾ ਫਰਜ਼ ਵੀ ਬਣਦਾ ਹੈ ਪਰ ਇਸ ਦੇ ਵਿੱਚ ਰਿਲੀਫ ਦੇਣ ਵਾਸਤੇ

[ਡਾਕਟਰ ਕੇਵਲ ਕ੍ਰਿਸ਼ਨ]

ਫੀਲਡ ਵਿੱਚ ਇਕ ਕਨਫਿਊਜ਼ਨ ਹੈ ਕਿ ਇਹ ਰਿਲੀਫ਼ ਜੁਲਾਈ ਦਾ ਹੈ ਜਾਂ ਅਗਸਤ ਦਾ ਹੈ ਜਾਂ ਜੁਲਾਈ-ਅਗਸਤ ਦੋਨਾਂ ਦਾ ਹੈ। ਐਸ.ਡੀ.ਐਮ. ਔਰ ਡਿਪਟੀ ਕਮਿਸ਼ਨਰ ਇਸ ਗੱਲ ਲਈ ਕਨਫਿਊਜ਼ਨ ਵਿੱਚ ਹਨ ਕਿ ਜਿਹੜੇ ਜੁਲਾਈ ਵਿੱਚ ਫਲੱਡ ਨਾਲ ਸਫ਼ਰ ਕੀਤੇ ਹਨ ਉਨ੍ਹਾਂ ਨੂੰ ਇਹ ਮਿਲੇ ਜਾਂ ਜੋ ਅਗੱਸਤ ਵਿੱਚ ਜਿਹੜੇ ਸਫਰ ਕੀਤੇ ਹਨ ਉਨ੍ਹਾਂ ਨੂੰ ਵੀ ਮਿਲੇ। ਅਜੇ ਤਕ ਇਸ ਦੇ ਬਾਰੇ ਪੰਜਾਬ ਗੌਰਮਿੰਟ ਫੈਸਲਾ ਨਹੀਂ ਕਰ ਸਕੀ। ਫਾਈਨਾਂਸ ਮਨਿਸਟਰ ਸਾਹਿਬ ਇਸ ਗੱਲ ਨੂੰ ਆਪਣੀ ਸਪੀਚ ਵਿੱਚ ਕਲੀਅਰ ਕਰਨ। ਜੁਲਾਈ ਔਰ ਅਗੱਸਤ ਵਿੱਚ ਫਲੱਡ ਨਾਲ ਦੋਨਾਂ ਮਹੀਨਿਆਂ ਵਿੱਚ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਰਿਲੀਫ਼ ਦਿੱਤਾ ਜਾਵੇ ਔਰ ਜਿਨ੍ਹਾਂ ਦਾ ਇਨ੍ਹਾਂ ਦਿਨਾਂ ਵਿੱਚ ਨੁਕਸਾਨ ਹੋਇਆ ਹੈ ਪਿੰਡਾਂ ਜਾਂ ਸ਼ਹਿਰਾਂ ਵਿੱਚ ਉਨ੍ਹਾਂ ਸਾਰਿਆਂ ਨੂੰ ਇਹ ਰਿਲੀਫ਼ ਦਿੱਤਾ ਜਾਵੇ। ਚੇਅਰਮੈਨ ਸਾਹਿਬ, ਅਜੇ ਤਕ ਤਾਂ ਇਸ ਗਲ ਦਾ ਵੀ ਕਨਫਿਊਜ਼ਨ ਹੈ। ਅਸੀਂ ਪੁੱਛਦੇ ਹਾਂ ਕਿ ਕਿੰਨੇ ਲੋਕ ਇਸ ਮੁਸੀਬਤ ਦਾ ਸ਼ਿਕਾਰ ਹੋਏ ਹਨ ਤਾਂ ਕਹਿੰਦੇ ਹਨ ਕਿ ਬੜੀ ਲੰਮੀ ਚੌੜੀ ਗਿਣਤੀ ਹੈ। ਜੇ ਅਸੀਂ ਪੁੱਛਦੇ ਹਾਂ ਕਿ ਕਿੰਨੇ ਲੋਕਾਂ ਨੂੰ ਪੈਸਾ ਮਿਲ ਚੁੱਕਿਆ ਹੈ ਔਰ ਕਿੰਨੇ ਲੋਕ ਰਹਿੰਦੇ ਹਨ ਜਿਨ੍ਹਾਂ ਨੂੰ ਪੈਸਾ ਨਹੀਂ ਮਿਲਿਆ ਔਰ ਕਦੋਂ ਤਕ ਉਨ੍ਹਾਂ ਦੀ ਪ੍ਰੇਸ਼ਾਨੀ ਹੱਟ ਜਾਵੇਗੀ ਤਾਂ ਅਜੇ ਤਕ ਇਸ ਦੇ ਬਾਰੇ ਪੰਜਾਬ ਗੌਰਮਿੰਟ ਕੋਈ ਜਵਾਬ ਨਹੀਂ ਦੇ ਸਕੀ। ਚੇਅਰਮੈਨ ਸਾਹਿਬ, ਪਿੰਡਾਂ ਵਾਲਿਆਂ ਨੂੰ ਮੱਦਦ ਮਿਲਣੀ ਚਾਹੀਦੀ ਹੈ ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਲੇਕਿਨ ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਸ਼ਹਿਰਾਂ ਦੇ ਲੋਕਾਂ ਦੀ ਵੀ ਮੱਦਦ ਕਰਨੀ ਚਾਹੀਦੀ ਹੈ। ਜਲੰਧਰ ਸ਼ਹਿਰ ਦਾ ਬਹੁਤ ਵੱਡਾ ਨੁਕਸਾਨ ਹੋਇਆ। ਉਥੇ ਇੰਡਸਟਰੀ ਤਬਾਹ ਹੋ ਗਈ, ਲੋਕਾਂ ਦੇ ਘਰਾਂ ਤਕ ਪਾਣੀ ਚਲਾ ਗਿਆ ਔਰ ਕਮੱਰਸ਼ੀਅਲ ਅਦਾਰਿਆਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ ਲੇਕਿਨ ਉਨ੍ਹਾਂ ਲੋਕਾਂ ਨੂੰ ਕੋਈ ਰਿਲੀਫ਼ ਨਹੀਂ ਦਿੱਤਾ ਗਿਆ। ਜਿਹੜਾ ਰਿਲੀਫ਼ ਦੇਣ ਦੇ ਬਾਰੇ ਸਵਾਲ ਦਾ ਜਵਾਬ ਦਿੱਤਾ ਗਿਆ ਹੈ ਉਸ ਦੇ ਵਿੱਚ ਇੰਡਸਟਰੀ ਦਾ ਕੋਈ ਜ਼ਿਕਰ ਨਹੀਂ, ਕਮੱਰਸ਼ੀਅਲ ਅਦਾਰਿਆਂ ਦਾ ਵੀ ਕੋਈ ਜ਼ਿਕਰ ਨਹੀਂ ਹੈ। ਇਸ ਦੇ ਬਾਰੇ ਪੰਜਾਬ ਗੌਰਮਿੰਟ ਨੂੰ ਦੱਸਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਤਕਲੀਫ ਦੇ ਵਿੱਚ ਮਦਦ ਕਰਕੇ ਹੀ ਕਾਫੀ ਨਹੀਂ. ਜ਼ਰੂਰਤ ਇਹ ਹੈ ਕਿ ਇਹ ਜਿਹੜੇ ਫਲੱਡਜ਼ ਆਉਂਦੇ ਹਨ, ਇਹ ਨਾ ਆਉਣ। ਜਿੰਨੀ ਦੇਰ ਤਕ ਇਸ ਦਾ ਕੋਈ ਪ੍ਰਬੰਧ ਨਹੀਂ ਹੋਵੇਗਾ, ਹਰ ਸਾਲ ਇਸੇ ਤਰ੍ਹਾਂ ਹੀ ਤਬਾਹੀ ਹੋਵੇਗੀ। ਮੈਂ, ਚੇਅਰਮੈਨ ਸਾਹਿਬ, ਪੰਜਾਬ ਗੌਰਮਿੰਟ ਨੂੰ ਇਹ ਗੱਲ ਕਹਿਣਾ ਚਾਹਾਂਗਾ ਕਿ ਉਹ ਇਸ ਗੱਲ ਦੀ ਘੋਖ ਕਰੇ ਕਿ ਇਹ ਨੁਕਸਾਨ ਜੋ ਹੋਇਆ ਹੈ ਇਹ ਬਾਰਸ਼ਾਂ ਨਾਲ ਹੋਇਆ ਹੈ ਜਾਂ ਅਫ਼ਸਰਾਂ ਦੀ ਅਣਗਹਿਲੀ ਨਾਲ ਹੋਇਆ ਹੈ ਜਾਂ ਡੀਪਾਰਟਮੈਂਟ ਦੀ ਅਣਗਹਿਲੀ ਨਾਲ ਨੁਕਸਾਨ ਹੋਇਆ ਹੈ। ਮੈਨੂੰ ਆਪਣੀ ਪਾਰਟੀ ਦੀ ਕਮੇਟੀ ਦੇ ਨਾਲ ਸੁਲਤਾਨਪੁਰ ਲੋਧੀ ਜਾਣ ਦਾ ਮੌਕਾ ਮਿਲਿਆ। ਅਸੀਂ ਜਦੋਂ ਉਥੇ ਦੇ ਲੋਕਾਂ ਨੂੰ ਜਾ ਕੇ ਮਿਲੇ ਤਾਂ ਉਥੋਂ ਦੇ ਲੋਕਾਂ ਨੇ ਸਾਨੂੰ ਦੱਸਿਆ ਕਿ ਇਥੇ ਬਾਰਸ਼ ਨਹੀਂ ਹੋਈ। ਬਹੁਤ ਥੋੜ੍ਹੀ ਬਾਰਸ਼ ਹੋਈ ਹੈ, ਕੋਈ ਖਾਸ ਬਾਰਸ਼ ਨਹੀਂ ਹੋਈ। ਲੇਕਿਨ ਰੌਲਾ ਪਿਆ ਕਿ 6-7 ਫੁੱਟ ਉੱਚਾ ਪਾਣੀ ਇਸ ਤਰਫੋਂ ਸੁਲਤਾਨਪੁਰ ਲੋਧੀ ਨੂੰ ਤਬਾਹ ਕਰਨ ਵਾਸਤੇ ਆ ਰਿਹਾ ਹੈ। ਇਸ ਵਾਸਤੇ ਇਸ ਗੱਲ ਦੀ ਘੋਖ ਕਰਨੀ ਚਾਹੀਦੀ ਹੈ ਕਿ ਇਹ ਪਾਣੀ ਕਿਥੋਂ ਆਇਆ, ਕਿਸ ਤਰ੍ਹਾਂ ਆਇਆ। ਇਸ ਨੂੰ ਦੇਖਣ ਦੀ ਲੋੜ ਹੈ, ਘੋਖਣ ਦੀ ਲੋੜ ਹੈ। ਇਸ ਦੇ ਬਾਰੇ, ਮੈਂ ਚੇਅਰਮੈਨ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਕੋਈ ਸ਼ੱਕ ਨਹੀਂ ਕਿ ਬਾਰਸ਼ਾਂ ਹੋਈਆਂ ਪਰ ਬਾਰਸ਼ਾਂ ਤੋਂ ਇਲਾਵਾ ਹੋਰ ਵੀ ਫਲੱਡਜ਼ ਆਉਣ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਚੋਅ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ, ਰੋਪੜ ਜ਼ਿਲ੍ਹੇ ਵਿੱਚ ਕਾਫੀ ਚੋਅ ਹਨ। ਉਨ੍ਹਾਂ ਚੋਆਂ ਵਿੱਚ ਪਾਣੀ ਬਹੁਤ ਜ਼ਿਆਦਾ ਆਇਆ। ਕਾਫੀ ਦੇਰ ਤੋਂ ਇਨ੍ਹਾਂ ਚੋਆਂ ਦੀ ਸਫ਼ਾਈ ਨਹੀਂ ਹੋਈ। ਖਾਸ ਤੌਰ ਤੇ ਗਵਰਨਰੀ

ਰਾਜ ਵਿੱਚ ਕਾਫੀ ਲਾਪ੍ਰਵਾਹੀ ਹੋਈ ਹੈ ਔਰ ਚੋਆਂ ਦੀ ਸਫਾਈ ਬਿਲਕੁਲ ਨਹੀਂ ਹੋਈ। ਕਿਸੇ ਨੇ ਉਥੇ ਮੱਕੀ ਲਾ ਲਈ, ਕਿਸੇ ਨੇ ਸਫੈਦਾ ਲਾ ਲਿਆ। ਨਾਲ ਹੀ ਪਹਾੜੀ ਇਲਾਕੇ ਤੋਂ ਦਰਖੱਤਾਂ ਦੀ ਕਟਾਈ ਹੋ ਗਈ ਔਰ ਇਸ ਨਾਲ ਬਾਰਸ਼ਾਂ ਵਿੱਚ ਪਾਣੀ ਚੋਆਂ ਵਿੱਚ ਆਇਆ। ਚੋਆਂ ਨੂੰ ਗੌਰਮਿੰਟ ਚੈਨੇਲਾਈਜ਼ ਵੀ ਕਰ ਰਹੀ ਹੈ। ਗੌਰਮਿੰਟ ਪੁਲ ਵੀ ਬਣਾ ਰਹੀ ਹੈ ਲੇਕਿਨ ਅਫਸੋਸ ਹੈ ਕਿ ਕਈ ਪੁਲ ਇਸ ਤਰ੍ਹਾਂ ਰੁੜ੍ਹ ਗਏ ਜਿਸ ਤਰ੍ਹਾਂ ਇਥੇ ਪਹਿਲਾਂ ਕੋਈ ਪੁੱਲ ਹੈ ਹੀ ਨਹੀਂ ਸੀ। ਮੈਂ ਦੱਸਣਾ ਚਾਹਾਂਗਾ ਕਿ ਹੁਸ਼ਿਆਰਪੁਰ ਵਿੱਚ ਧੋਬੀ ਚੋਅ ਹੈ ਉਥੇ ਦਾ ਪੁੱਲ ਨੀਹਾਂ ਤੋਂ ਹੀ ਰੁੜ੍ਹ ਗਿਆ ਔਰ ਉਸ ਦਾ ਕੋਈ ਨਾਮੋਂ ਨਿਸ਼ਾਨ ਹੀ ਨਹੀਂ ਹੈ। ਇਸ ਤਰ੍ਹਾਂ ਲਗਦਾ ਹੈ ਕਿ ਇਥੇ ਕੋਈ ਪੁਲ ਹੈ ਹੀ ਨਹੀਂ ਸੀ। ਅਫਸਰਾਂ ਨੇ ਖਾਸ ਤੌਰ ਤੇ ਡਰੇਨੇਜ ਡੀਪਾਰਟਮੈਂਟ ਨੇ ਬਹੁਤ ਅਣਗਹਿਲੀ ਕੀਤੀ ਕਿ ਚੋਆਂ ਦੀ ਸਫ਼ਾਈ ਬਿਲ-ਕੁਲ ਨਹੀਂ ਕੀਤੀ ਔਰ ਉਸ ਦੇ ਬਾਅਦ ਇਨ੍ਹਾਂ ਚੋਆਂ ਦਾ ਪਾਣੀ ਜੋ ਦੋ ਬਹੀਆਂ ਵਿਚ ਪੈਂਦਾ ਹੈ, ਇਕ ਸਫੈਦ ਬਹੀਂ ਔਰ ਇਕ ਕਾਲੀ ਬਹੀਂ ਹੈ, ਇਨ੍ਹਾਂ ਦਾ ਪਾਣੀ ਸਤਲੁਜ ਦਰਿਆ ਔਰ ਦਰਿਆ ਬਿਆਸ ਵਿੱਚ ਪੈਂਦਾ ਹੈ। ਉਥੇ ਜਾ ਕੇ ਦੇਖਿਆ ਗਿਆ ਕਿ ਦਰਿਆ ਦੇ ਕਿਨਾਰੇ ਇਤਨੇ ਉਚੇ ਹਨ ਕਿ ਬਹੀਆਂ ਦਾ ਪਾਣੀ ਦਰਿਆ ਵਿਚ ਨਹੀਂ ਜਾ ਸਕਦਾ। ਨਸਰਾਲਾ ਚੋਅ ਔਰ ਇਹ ਸਫੈਦ ਬਹੀਂ ਔਰ ਕਾਲੀ ਬਹੀਂ ਪੰਜਾਬ ਦਾ ਬਹੁਤ ਨੁਕਸਾਨ ਕਰ ਰਹੀਆਂ ਹਨ। ਖਾਸ ਤੌਰ ਤੇ ਤਿੰਨ ਜ਼ਿਲ੍ਹਿਆਂ ਕਪੂਰਥਲਾ, ਹੁਸ਼ਿਆਰਪੁਰ ਔਰ ਜਲੰਧਰ ਨੂੰ ਤਬਾਹ ਕਰ ਦਿੱਤਾ ਹੈ। ਪੰਜਾਬ ਸਰਕਾਰ ਇਸ ਗੱਲ ਵਿੱਚ ਪਰੋਬ ਕਰੇ ਔਰ ਮੈਂ ਪੰਜਾਬ ਸਰਕਾਰ ਨੂੰ ਕਹਿਣਾ ਚਾਹਾਂਗਾ ਕਿ ਇਨ੍ਹਾਂ ਬਹੀਆਂ ਦੀ ਸਫਾਈ ਹੋਵੇ, ਚੋਆਂ ਦੀ ਸਫ਼ਾਈ ਹੋਵੇ। ਅਫੋਰਸਟੇਸ਼ਨ ਕੀਤੀ ਜਾਵੇ ਔਰ ਜੋ ਦਰਿਆ ਦੇ ਕਿਨਾਰੇ ਉਚੇ ਹਨ ਉਸ ਦੇ ਵਿੱਚ ਪਾਣੀ ਦੇ ਫਲੋ ਨੂੰ ਠੀਕ ਕੀਤਾ ਜਾਵੇ, ਕਿਨਾਰੇ ਉਨ੍ਹਾਂ ਦੇ ਠੀਕ ਕੀਤੇ ਜਾਣ ਤਾਕਿ ਲੋਕਾਂ ਦਾ ਨੁਕ-ਸਾਨ ਨਾ ਹੋਵੇ। ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਸ਼ਹਿਰਾਂ ਦੇ ਲੋਕਾਂ ਨੂੰ ਖਾਸ ਤੌਰ ਤੇ ਮੱਦਦ ਨਹੀਂ ਮਿਲੀ, ਉਨ੍ਹਾਂ ਨੂੰ ਇਹ ਮੱਦਦ ਵੀ ਮਿਲਣੀ ਚਾਹੀਦੀ ਹੈ।

ਇਸ ਤੋਂ ਅੱਗੇ, ਚੇਅਰਮੈਨ ਸਾਹਿਬ, ਮੈਂ ਡੀਮਾਂਡ ਨੰਬਰ 10 ਬਾਰੇ ਕਹਿਣਾ ਚਾਹੁੰਦਾ ਹਾਂ ਜਿਸ ਦੇ ਵਿੱਚ 345 ਲੱਖ ਰੁਪਿਆ ਇਸ ਗੱਲ ਲਈ ਰਖਿਆ ਗਿਆ ਹੈ ਕਿ ਵੇਰੀਅਸ ਐਜੀਟੇਸ਼ਨਜ਼ ਵਿੱਚ ਸਾਡੇ ਭਰਾ, ਸਾਡੇ ਇਸ ਪੰਜਾਬ ਦੇ ਲੋਕ ਜੋ ਸਾਡੇ ਤੋਂ ਵਿਛੜ ਗਏ ਹਨ ਉਨ੍ਹਾਂ ਨੂੰ ਮੱਦਦ ਦਿੱਤੀ ਜਾਵੇ। ਉਨ੍ਹਾਂ ਨੂੰ ਮੱਦਦ ਦੇਣ ਵਾਸਤੇ ਇਹ ਰੁਪਿਆ ਰਖਿਆ ਗਿਆ ਹੈ। ਚੇਅਰਮੈਨ ਸਾਹਿਬ, ਕੱਲ੍ਹ ਚੀਫ਼ ਮਨਿਸਟਰ ਸਾਹਿਬ ਨੇ ਐਜੀਟੇਸ਼ਨ ਦੇ ਬਾਰੇ ਵਿੱਚ ਬਹੁਤ ਸਾਰੀਆਂ ਗੱਲਾਂ ਕਹੀਆਂ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਆਪਣੀ ਜ਼ਿਮੇਵਾਰੀ ਨੂੰ ਨਿਭਾਉਂਦੇ ਹੋਏ ਉਨ੍ਹਾਂ ਨੂੰ ਕੁੜੱਤਣ ਦੀ ਗੱਲ ਬਿਲਕੁਲ ਛੇੜਨੀ ਨਹੀਂ ਸੀ ਚਾਹੀਦੀ। ਉਨ੍ਹਾਂ ਨੇ ਬਲਿਊ ਸਟਾਰ ਓਪਰੇਸ਼ਨ ਦਾ ਵੀ ਜ਼ਿਕਰ ਕਰ ਦਿੱਤਾ, ਦਿੱਲੀ ਰਾਇਟਸ ਦਾ ਵੀ ਜ਼ਿਕਰ ਕੀਤਾ ਅਤੇ ਹੋਰ ਗੱਲਾਂ ਦਾ ਵੀ ਜ਼ਿਕਰ ਕੀਤਾ। ਚੇਅਰਮੈਨ ਸਾਹਿਬ, ਮੈਂ ਦੁੱਖ ਨਾਲ ਕਹਾਂਗਾ ਕਿ ਅਗਰ ਇਨ੍ਹਾਂ ਚੀਜ਼ਾਂ ਦੇ ਵਿੱਚ ਘੋਖ ਕੀਤੀ ਜਾਵੇ ਤਾਂ ਪਤਾ ਲੱਗ ਜਾਵੇਗਾ ਕਿ ਕੌਣ ਕਸੂਰ-ਵਾਰ ਹੈ (ਕੁਝ ਆਵਾਜ਼ਾਂ: ਤੁਸੀਂ ਹੀ ਕਸੂਰਵਾਰ ਨਿਕਲੋਗੇ) ਮੈਂ ਇਸ ਗੱਲ ਵਿੱਚ ਨਹੀਂ ਜਾਣਾ ਚਾਹੁੰਦਾ ਕਿ ਸਾਡੇ ਅਕਾਲੀ ਭਰਾ ਕਸੂਰਵਾਰ ਹਨ ਜਾਂ ਹੋਰ ਕੋਈ ਕਸੂਰਵਾਰ ਹਨ। ਮੈਂ ਖਾਸ ਤੌਰ ਤੇ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਜੇਕਰ ਸੱਚ ਮੁੱਚ ਕੁੜਤਨ ਛੱਡਣਾ ਚਾਹੁੰਦੇ ਹਨ ਤਾਂ ਜਿਹੜਾ ਇਨ੍ਹਾਂ ਨੇ ਕੱਲ ਜ਼ਿਕਰ ਕੀਤਾ ਹੈ ਉਹ ਕਰਨਾ ਨਹੀਂ ਸੀ ਚਾਹੀਦਾ (ਵਿਘਨ) (**ਆਵਾਜ਼ਾਂ**: ਜ਼ਿਕਰ ਅਜੇ ਹੋਣਾ ਹੈ।)

ਚੇਅਰਮੈਨ ਸਾਹਿਬ, ਆਵਾਜ਼ਾਂ ਆ ਰਹੀਆਂ ਹਨ ਕਿ ਜ਼ਿਕਰ ਤਾਂ ਅੱਜੇ ਹੋਣਾ ਹੈ। ਮੈਂ ਬੜੇ ਦੁੱਖ ਨਾਲ ਕਹਾਂਗਾ ਕਿ ਅਸੀਂ ਆਪਣੀ ਪਾਰਟੀ ਵੱਲੋਂ ਮਜਬੂਰ ਹਾਂ ਅਸੀਂ ਕੁੜਤਨ ਫੈਲਾਉਣੀ ਨਹੀਂ ਹੈ

[ਡਾਕਟਰ ਕੇਵਲ ਕ੍ਰਿਸ਼ਨ]

ਔਰ ਅਸੀਂ ਨਹੀਂ ਚਾਹਾਂਗੇ ਕਿ ਪਿਛਲੇ ਜ਼ਖ਼ਮਾਂ ਤੇ ਨਮਕ ਛਿੜਕਿਆ ਜਾਵੇ। ਮੈਂ ਕਹਾਂਗਾ ਕਿ "ਫਾਰਗੈਟ ਅਤੇ ਫ਼ਾਰਗਿਵ' ਕਰਨਾ ਚਾਹੀਦਾ ਹੈ। ਜਿੰਨੇ ਵੀ ਪੰਜਾਬ ਦੇ ਨੌਜਵਾਨ ਹਨ ਉਹ ਸਾਡੇ ਬੱਚੇ ਹਨ, ਭਾਈ ਹਨ ਸਾਡੇ ਸਾਥੀ ਹਨ ਔਰ ਸਾਡੇ ਪੰਜਾਬ ਦਾ ਖ਼ੂਨ ਹਨ। ਅੱਜ ਸਾਡੀਆਂ ਛਾਤੀਆਂ ਤੇ ਪਿਸਤੌਲ ਰਖ ਕੇ ਸਾਨੂੰ ਮਾਰਨਾ ਚਾਹੁੰਦੇ ਹਨ। ਅਸੀਂ ਸਾਰੇ ਬੈਠ ਕੇ ਸੋਚੀਏ ਐਸਾ ਕਿਉਂ ਹੈ, ਸਾਡੀ ਕੀ ਗਲਤੀ ਹੈ। ਇਹ ਬਰਖ਼ੁਰਦਾਰ ਸਾਡੇ ਨੌਜਵਾਨ ਗਲਤ ਰਸਤੇ ਤੇ ਕਿਉਂ ਪਏ ਹਨ; ਕੀ ਇਨ੍ਹਾਂ ਨੂੰ ਗਲਤ ਰਸਤੇ ਤੇ ਲਿਆਉਣ ਵਾਲੇ ਅਸੀਂ ਤਾਂ ਨਹੀਂ। (ਵਿਘਨ) ਕੀ ਮਜ਼ਹਬ ਦੇ ਨਾਂ ਤੇ, ਧਰਮ ਦੇ ਨਾਂ ਤੇ ਫਿਰਕੇ ਦੇ ਨਾਂ ਤੇ ਅਸੀਂ ਇਨ੍ਹਾਂ ਨੂੰ ਭੜਕਾਉਂਦੇ ਤਾਂ ਨਹੀਂ ਰਹੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਤਾਂ ਇਤਨਾ ਹੈ ਕਿ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਇਨ੍ਹਾਂ ਨੂੰ ਗਲਤ ਰਸਤੇ ਤੇ ਲਿਆਉਣ ਵਾਲਾ ਕੌਣ ਹੈ ? ਕੀ ਗੁਰਿੰਦਰ ਸਿੰਘ ਦੇ ਨਾਂ ਤੇ ਪਿਛੇ ਜਿਹੇ ਰੰਧਾਵਾ ਸਾਹਿਬ ਨੇ ਅਸਤੀਫ਼ਾ ਦੇ ਦਿੱਤਾ ਸੀ। ਕੀ ਇਹ ਚੀਜ਼ ਸਾਬਤ ਨਹੀਂ ਹੁੰਦੀ ?

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਇਹ ਗੱਲ ਕਹੀ ਹੈ। ਮੈਂ ਇਹ ਕਹਾਂਗਾ ਕਿ ਅਕਾਲੀ ਪਾਰਟੀ ਦੇ ਮੈਨੀਫ਼ੈਸਟੋ ਵਿਚ ਦਰਜ ਹੈ ਕਿ ਪੰਜਾਬ ਵਿਚ ਜਿੰਨੀਆਂ ਘਟਨਾਵਾਂ ਹੋਈਆਂ ਹਨ ਲਾਲਾ ਜਗਤ ਨਾਰਾਇਣ ਦੇ ਅਤੇ ਸ਼ਾਦੀ ਲਾਲ ਦੇ ਕਤਲ ਤੋਂ ਬਾਅਦ ਹੁਣ ਤਕ ਜਿੰਨੀਆਂ ਘਟਨਾਵਾਂ ਹੋਈਆਂ ਹਨ ਪੰਜਾਬ ਗੌਰਮਿੰਟ ਇਨਕੁਆਇਰੀ ਕਰਾਵੇਗੀ ਤਾਂ ਦੁੱਧ ਦਾ ਦੁਧ ਅਤੇ ਪਾਣੀ ਦਾ ਪਾਣੀ ਸਾਹਮਣੇ ਆ ਜਾਵੇਗਾ। ਪਤਾ ਲੱਗ ਜਾਵੇਗਾ ਕਿ ਕੌਣ ਠੀਕ ਹੈ ਕੌਣ ਗਲਤ ਹੈ। ਅਗਰ ਕਸੂਰਵਾਰ ਕਾਂਗਰਸ ਵਾਲੇ ਹੋਣਗੇ ਤਾਂ ਉਨ੍ਹਾਂ ਨੂੰ ਕਟੈਹੜੇ ਵਿਚ ਖੜ੍ਹਾ ਕੀਤਾ ਜਾਵੇ ਅਤੇ ਜੇ ਅਕਾਲੀ ਪਾਰਟੀ ਵਾਲੇ ਕਸੂਰਵਾਰ ਹੋਣ ਤਾਂ ਉਨ੍ਹਾਂ ਨੂੰ ਕਟੈਹੜੇ ਵਿਚ ਖੜ੍ਹਾ ਕੀਤਾ ਜਾਵੇਗਾ, ਕਿਸੇ ਨੂੰ ਮੁਆਫ਼ ਨਾ ਕੀਤਾ ਜਾਵੇ। ਪੰਜਾਬੀਆਂ ਦੇ ਮੱਥੇ ਤੇ ਅੱਤਵਾਦ ਤੇ ਵੱਖਵਾਦ ਦੇ ਇਕ ਕਲੰਕ ਦਾ ਟੀਕਾ ਲੱਗ ਚੁੱਕਾ ਹੈ, ਮੈਂ ਕਿਸੇ ਨੂੰ ਸਪੇਅਰ ਨਹੀਂ ਕਰਦਾ, ਕਿ ਅਸੀਂ ਪਸ਼ਚਾਤਾਪ ਦੇ ਹੰਜੂਆਂ ਨਾਲ ਵੀ ਉਸ ਨੂੰ ਨਹੀਂ ਧੋ ਸਕਦੇ। ਪੰਜਾਬ ਵਿਚ ਇੰਨੇ ਪਾਪ ਹੋਏ ਇੰਨੀਆਂ ਤਕਲੀਫ਼ਾਂ ਆਈਆਂ ਅਸੀਂ ਸਿਰਫ਼ ਹਿੰਦੁਸਤਾਨ ਵਿਚ ਹੀ ਨਹੀਂ ਸਾਰੀ ਦੁਨੀਆਂ ਵਿਚ ਬਦਨਾਮ ਹੋਏ ਹਾਂ। ਮੈਂ ਪਹਿਲਾਂ ਸ਼ਬਦ ਵਰਤਿਆ ਸੀ ਫ਼ਾਰਗੈਟ ਅਤੇ ਫਾਰਗਿਵ। ਅਕਾਲੀ ਪਾਰਟੀ ਨੂੰ ਸਾਰਿਆਂ ਨੂੰ ਆਪਣੇ ਦਾਮਨ ਵਿਚ ਝਾਤੀ ਮਾਰਨੀ ਚਾਹੀਦੀ ਹੈ। ਅਗਰ ਪੰਜਾਬ ਦੇ ਨੌਜਵਾਨ ਨੇ ਕੋਈ ਐਸੀ ਗਲ ਕੀਤੀ ਹੈ ਜਿਸ ਨਾਲ ਪੰਜਾਬ ਦਾ ਨੁਕਸਾਨ ਹੋਇਆ ਹੈ, ਸਾਨੂੰ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਅਸੀਂ ਨੌਜਵਾਨਾਂ ਨੂੰ ਠੀਕ ਰਸਤੇ ਤੇ ਲਿਆ ਸਕਦੇ ਹਾਂ। ਮੈਂ ਕਹਾਂਗਾ ਕਿ ਇਸ ਵਿਚ ਕੁਝ ਸ਼ਬਦ ਗਲਤ ਲਿਖੇ ਹੋਏ ਹਨ, 'ਐਜੀਟੇਸ਼ਨ ਅਤੇ ਐਕਸ਼ਨ ਵਿੱਚ'। ਮੈਂ ਕਹਿੰਦਾ ਹਾਂ ਕਿ ਇਹ ਠੀਕ ਹੈ ਕਿ ਜ਼ੁਲਮ ਕਰਨਾ ਪਾਪ ਹੈ ਪਰ ਜ਼ੁਲਮ ਸਹਿਣਾ ਵੀ ਪਾਪ ਹੈ। ਚੇਅਰਮੈਨ ਸਾਹਿਬ, ਜਿਹੜੇ ਲੋਕ ਜ਼ੁਲਮ ਦਾ ਸ਼ਿਕਾਰ ਹੋ ਕੇ ਮਰਨ ਉਨ੍ਹਾਂ ਦੀ ਫ਼ੈਮਿਲੀ ਲਈ ਮੱਦਦ ਹੋਣੀ ਚਾਹੀਦੀ ਹੈ ਪਰ ਜਿਹੜੇ ਮਾਰਨ ਵਾਲੇ ਹਨ ਜਿਨ੍ਹਾਂ ਨੇ ਜ਼ੁਲਮ ਕੀਤਾ ਹੈ ਅਸੀਂ ਇਹ ਗਲਤੀ ਨਾ ਕਰੀਏ ਕਿ ਉਨ੍ਹਾਂ ਦੀ ਮੱਦਦ ਕੀਤੀ ਜਾਏ। ਇਹ ਮੁਨਾਸਬ ਨਹੀਂ ਹੋਵੇਗਾ। ਚੇਅਰਮੈਨ ਸਾਹਿਬ ਹੁਣ ਵਕਤ ਆ ਗਿਆ ਹੈ ਅਸੀਂ ਪਸ਼ਚਾਤਾਪ ਕਰੀਏ। ਪਰਸੋਂ ਕੋਈ ਲੌਂਗ (long) ਮਾਰਚ ਸ਼ੁਰੂ ਹੋਇਆ ਸੀ ਅੰਮ੍ਰਿਤਸਰ ਤੋਂ ਚੰਡੀਗੜ੍ਹ ਤਕ ਔਰ ਸਾਡੇ ਸਿਹਤ ਮੰਤਰੀ ਨੇ ਉਨ੍ਹਾਂ ਦਾ ਮੈਮੋਰੰਡਮ ਲਿਆ ਸੀ। ਅਖ਼ਬਾਰਾਂ ਵਿੱਚ ਜੋ ਆਇਆ ਹੈ ਕਿ ਕਿਸ ਤਰ੍ਹਾਂ ਗਲ ਹੋਈ ਅਸੀਂ ਸਾਰਿਆਂ ਨੇ ਪੜ੍ਹ ਲਿਆ। ਮੈਂ ਚਾਹਾਂਗਾ ਕਿ ਅੱਜ ਅਸੀਂ ਅੱਤਵਾਦ ਅਤੇ ਵੱਖਵਾਦ

ਦੇ ਖਿਲਾਫ਼ ਲੜੀਏ, ਪਰ ਕਿਸ ਤਰ੍ਹਾਂ ਤਿਆਰ ਹੋ ਕੇ ਉਸ ਮੈਮੋਰੰਡਮ ਨੂੰ ਲੈਣਾ ਅਤੇ ਫਿਰ ਇਹ ਕਿਹਾ ਗਿਆ ਹੋਵੇ ਕਿ ਇਸ ਮੈਮੋਰੰਡਮ ਤੇ ਹਮਦਰਦੀ ਨਾਲ ਗੌਰ ਹੋਵੇਗਾ। ਪੰਜਾਬ ਸਰਕਾਰ ਨੂੰ ਇਸ ਪਾਸੇ ਵੱਲ ਨਹੀਂ ਜਾਣਾ ਚਾਹੀਦਾ। ਚੇਅਰਮੈਨ ਸਾਹਿਬ, ਇਹ ਖਤਰਨਾਕ ਗੱਲ ਹੈ, ਮਾੜੀ ਗੱਲ ਹੈ। ਅਸੀਂ ਅੱਤਵਾਦ ਅਤੇ ਵੱਖਵਾਦ ਦੀ ਨਿੰਦਾ ਕਰਦੇ ਹਾਂ। ਫਿਰ ਉਨ੍ਹਾਂ ਨਾਲ ਗੱਲਬਾਤ ਕਰਨੀ ਜਾਂ ਸਮਝੌਤਾ ਕਰਨਾ ...... (ਵਿਘਨ)

ਸਰਦਾਰ ਤਾਲਿਬ ਸਿੰਘ ਸੰਧੂ: ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਮੈਮੋਰੰਡਮ ਨਾ ਲਈਏ ਤਾਂ ਕੀ ਅਸੀਂ ਅੱਤਵਾਦ ਨੂੰ ਖੁਲ੍ਹ ਕੇ ਸ਼ਹਿ ਦੇਈਏ ਜਿਸ ਤਰ੍ਹਾਂ ਇਨ੍ਹਾਂ ਦੇ ਰਾਜ ਵਿਚ ਸੀ। ਮੈਮੋਰੈਂਡਮ ਭਾਵੇਂ ਨਾ ਲਿਆ ਕਰੋ, ਅੱਤ-ਵਾਦ ਬੇਸ਼ੱਕ ਖੁਲ੍ਹੇ ਤੌਰ ਤੇ ਚੱਲਦਾ ਰਹੇ।

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਡਾਕਟਰ ਸਾਹਿਬ ਬੜੇ ਜ਼ਿੰਮੇਵਾਰ ਅਹੁਦਿਆਂ ਤੇ ਪਹਿਲਾਂ ਸਪੀਕਰ ਸਾਹਿਬ ਅਤੇ ਫਿਰ ਬਤੌਰ ਮੰਤਰੀ ਰਹੇ। ਇਨ੍ਹਾਂ ਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਜਿਸ ਵੇਲੇ ਲੋਕਾਂ ਦੇ ਜਜ਼ਬਾਤਾਂ ਨੂੰ, ਸੈਂਟੀਮੈਂਟਸ ਨੂੰ ਕੁਚਲਣ ਦੀ ਕੋਸ਼ਿਸ਼ ਹੁੰਦੀ ਹੈ ਅਤੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਤਾਂ ਫਿਰ ਵੇਖੋ ਕਿ ਹਾਲਾਤ ਕਿਸ ਤਰ੍ਹਾਂ ਵਿਗੜਦੇ ਹਨ। ਮੈਂ ਆਪਣੀ ਸਰਕਾਰ ਨੂੰ, ਬਰਨਾਲਾ ਜੀ ਨੂੰ ਵਧਾਈ ਦਿੰਦਾ ਹਾਂ ਕਿ ਕਿਸ ਤਰ੍ਹਾਂ ਹਾਲਾਤ ਤੇ ਕਾਬੂ ਪਾਇਆ ਅਤੇ ਹਾਲਾਤ ਬੇਹਤਰ ਹੋਏ ਹਨ।

ਡਾਕਟਰ ਕੇਵਲ ਕ੍ਰਿਸ਼ਨ: ਚੇਅਰਮੈਨ ਸਾਹਿਬ, ਅੱਤਵਾਦ ਅਤੇ ਵੱਖਵਾਦ ਨੇ ਪੰਜਾਬ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਮੈਨੂੰ ਖੁਸ਼ੀ ਹੈ ਕਿ ਅਕਾਲੀ ਭਰਾਵਾਂ ਨੇ ਮਹਿਸੂਸ ਕੀਤਾ ਹੈ ਅਤੇ ਨਿੰਦਾ ਕੀਤੀ। ਚੇਅਰਮੈਨ ਸਾਹਿਬ ਜਿਹੜੀ ਤਾਕਤ ਮਿਲੀ ਸਾਡੇ ਭਰਾਵਾਂ ਨੂੰ ਅਤੇ ਜੇ ਮੈਂ ਕਹਾਂ ਕਿ ਕਿਸ ਤਰ੍ਹਾਂ ਮਿਲੀ। ਇਹ ਅੱਤਵਾਦ ਅਤੇ ਵੱਖਵਾਦ ਦਾ ਨਾਰ੍ਹਾ ਲਾ ਕੇ ਹੀ ਮਿਲੀ ਹੈ।

'ਤੁਮਹੀਂ ਨੇ ਦਰਦ ਦੀਆ ਹੈ, ਤੁਮਹੀਂ ਦਵਾ ਕਰਨਾ"

ਲੋਕਾਂ ਨੂੰ ਇਨ੍ਹਾਂ ਨੇ ਇਹ ਨਾਅਰਾ ਦਿੱਤਾ ਤੇ ਇਨ੍ਹਾਂ ਨੂੰ ਲੋਕਾਂ ਨੇ ਤਾਕਤ ਦਿੱਤੀ। ਇਨ੍ਹਾਂ ਨੇ ਕਿਹਾ ਕਿ ਐਜੀਟੇਸ਼ਨ ਹੋਈ. ਮੈਂ ਕਹਿੰਦਾ ਹਾਂ ਕਿ ਐਜੀਟੇਸ਼ਨਜ਼ ਪੁਰਅਮਨ ਹੋਣੀਆਂ ਚਾਹੀਦੀਆਂ ਹਨ, ਲੇਕਿਨ ਉਹ ਐਜੀਟੇਸ਼ਨ ਜਿਸ ਵਿਚ ਵਾਇਲੈਂਸ ਹੋਵੇ, ਜਿਸ ਵਿੱਚ ਬੰਦੇ ਮਾਰੇ ਜਾਣ ਇਹੋ ਜਿਹੀ ਐਜੀਟੇਸ਼ਨ ਨੂੰ ਬੰਦ ਕਰਨਾ ਚਾਹੀਦਾ ਹੈ। ਅੱਤਵਾਦ ਅਤੇ ਵੱਖਵਾਦ ਨਾਲ ਗੱਲਬਾਤ ਕਰਨਾ, ਹਮਦਰਦੀ ਪ੍ਰਗਟ ਕਰਨਾ ਇਹ ਮੁਨਾਸਿਬ ਨਹੀਂ ਹੋਵੇਗਾ। ਇਹ ਪੰਜਾਬ ਦੇ ਭਵਿੱਖ ਨੂੰ ਚੰਗਾ ਬਣਾਉਣ ਵਾਲੀ ਗੱਲ ਨਹੀਂ ਹੋਵੇਗੀ। ਅੱਜ ਸਾਰੇ ਹਿੰਦੁਸਤਾਨ ਦੇ ਲੋਕ ਪੰਜਾਬ ਵੱਲ ਵੇਖ ਰਹੇ ਹਨ। ਪੰਜਾਬ ਗੌਰਮਿੰਟ ਔਰ ਪੰਜਾਬ ਦੇ ਲੋਕ ਅੱਤਵਾਦ ਔਰ ਵੱਖਵਾਦ ਨੂੰ ਖ਼ਤਮ ਕਰਨ ਲਈ, ਉਸ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਰਹੇ ਹਨ ਜਾਂ ਨਹੀਂ। ਕਿਸ ਤਰ੍ਹਾਂ ਹੋ ਰਿਹਾ ਹੈ। ਮੈਂ ਇਹ ਗੱਲ ਕਹਾਂਗਾ ਕਿ ਅਸੀਂ ਇਸ ਸਿਆਸੀ ਵਿਤਕਰਾ, ਸਮਾਜਿਕ ਵਿਤਕਰਾ ਅਤੇ ਧਾਰਮਿਕ ਵਿਤਕਰਾ ਭੁਲਾ ਕੇ ਅੱਤਵਾਦ ਔਰ ਵੱਖਵਾਦ ਨੂੰ ਖ਼ਤਮ ਕਰਨ ਲਈ ਇਕ ਹੋ ਜਾਈਏ। ਅੱਜ ਪੰਜਾਬ ਦੀ ਕੋਈ ਵਿਧਵਾ ਹੰਝੂ ਨਾ ਬਹਾਵੇ, ਅੱਜ ਕੋਈ ਬੱਚਾ ਯਤੀਮ ਨਾ ਕਹਾਵੇ। ਮੈਂ ਮਹਿਸੂਸ ਕਰਦਾ ਹਾਂ ਔਰ ਦੁਹਰਾਉਣਾ ਚਾਹੁੰਦਾ ਹਾਂ ਕਿ ਪਿਛਲੇ ਵਕਤਾਂ ਦੇ ਵਿੱਚ ਜਿਹੜੀਆਂ ਐਜੀਟੇਸ਼ਨਾਂ ਹੋਈਆਂ ਹਨ ਉਨ੍ਹਾਂ ਦੇ ਚਾਰ ਫੈਕਟਰਜ਼ ਸਨ। ਨੰਬਰ ਇਕ ਅਕਾਲੀ ਪਾਰਟੀ ਨੇ ਸਾਡੀ ਪੰਜਾਬ ਦੀ ਅਕਾਲੀ ਪਾਰਟੀ ਨੇ ਆਪਣੀਆਂ 45 ਡਿਮਾਂਡਜ਼ ਲੈ ਕੇ ਪੁਰਅਮਨ ਐਜੀਟੇਸ਼ਨ ਕਰਨ ਦੀ ਕੋਸ਼ਿਸ਼ ਕੀਤੀ, ਲੇਕਿਨ ਨਾਲ ਕੁਝ ਵਾਇਲੈਂਸ ਵਾਲੇ ਲੋਕ ਮਿਲ ਗਏ

[ਡਾਕਟਰ ਕੇਵਲ ਕ੍ਰਿਸ਼ਨ]

ਔਰ ਪੰਜਾਬ ਵਿਚ ਅੱਤਵਾਦ ਚਲਦਾ ਰਿਹਾ, ਕੁਝ ਫਾਰਨ ਸ਼ਕਤੀਆਂ ਨਾਲ ਆ ਮਿਲੀਆਂ, ਕੁਝ ਫ਼ਿਰਕੇ-ਦਾਰੂ ਆ ਗਏ, ਨੈਕਸਾਲਾਈਟਸ ਅਤੇ ਬੈਡ ਕਰੈਕਟਰ ਵਾਲੇ ਅਤੇ ਫਿਰ ਸਮੱਗਲਰਜ਼ ਇਨ੍ਹਾਂ ਸਾਰਿਆਂ ਨੇ ਪੰਜਾਬ ਨੂੰ ਨੁਕਸਾਨ ਪਹੁੰਚਾਇਆ। ਮੈਂ, ਚੇਅਰਮੈਨ ਸਾਹਿਬ, ਅਰਜ਼ ਕਰਾਂਗਾ ਕਿ ਇਹ ਚੀਜ਼ ਮੁੜ ਕੇ ਨਹੀਂ ਉਠਣ ਦੇਣੀ ਚਾਹੀਦੀ। ਸਾਰਿਆਂ ਨੂੰ ਮਿਲਕੇ ਇਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਮੇਰੀ ਪਾਰਟੀ ਹਰ ਕਿਸਮ ਦਾ ਸਹਿਯੋਗ ਪੰਜਾਬ ਗੌਰਮਿੰਟ ਨੂੰ ਦੇਣ ਨੂੰ ਤਿਆਰ ਹੈ। ਪੰਜਾਬ ਵਿਚ ਅੱਤਵਾਦ ਅਤੇ ਵੱਖਵਾਦ ਸਿਰ ਨਾ ਉਠਾ ਸਕੇ ਔਰ ਪੰਜਾਬ ਨਾ-ਟੁਟਣ ਵਾਲਾ ਹਿੰਦੁਸਤਾਨ ਦਾ ਹਿੱਸਾ ਬਣਿਆ ਰਹੇ।

ਚੇਅਰਮੈਨ ਸਾਹਿਬ, ਮੈਂ ਇਹ ਗੱਲ ਬੜੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ 'ਰਸਤਾ ਰੋਕੋ ਐਜੀਟੇਸ਼ਨ ਬਾਰੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿਸੇ ਵੀ ਪੁਲੀਸ ਦੇ ਬੰਦੇ ਨੂੰ ਖਰੋਂਚ ਤਕ ਨਹੀਂ ਆਈ। ਮੈਂ ਕਹਿਣਾ ਚਾਹਾਂਗਾ ਕਿ ਪਾਰਲੀਆਮੈਂਟ ਵਿਚ ਹੋਮ-ਮਨਿਸਟਰ ਸਾਹਿਬ ਨੇ ਸਟੇਟ-ਮੈਂਟ ਦਿੱਤੀ ਸੀ ਜਿਸ ਵਿਚ ਕਿਹਾ ਹੈ ਕਿ 175 ਪੁਲੀਸ ਦੇ ਬੰਦੇ ਜ਼ਖ਼ਮੀ ਹੋਏ।

ਇਸੇ ਤਰ੍ਹਾਂ ਸਾਡੇ ਮਨਿਸਟਰ ਸਰਦਾਰ ਬਲਵੰਤ ਸਿੰਘ ਨੇ ਅਕਤੂਬਰ ਦੇ ਮਹੀਨੇ ਵਿਚ ਕਿਹਾ ਕਿ ਅਕਤੂਬਰ ਵਿਚ ਇਸ ਮਾਮਲੇ ਵਿਚ 5 ਮਰਡਰ ਹੋਏ ਜਦੋਂ ਕਿ ਪਿਛਲੇ ਸਾਲ ਅਕਤੂਬਰ ਵਿਚ 28 ਹੋਏ ਸਨ। ਮੈਂ ਪੁਆਇੰਟ ਆਊਟ ਕੀਤਾ ਸੀ ਔਰ ਕਿਹਾ ਸੀ ਕਿ 10 ਮਰਡਰ ਹੋਏ ਹਨ। ਚੇਅਰਮੈਨ ਸਾਹਿਬ, ਇਸ ਤਰ੍ਹਾਂ ਸਿਰਫ ਮਰਡਰ ਗਿਣਨ ਨਾਲ ਗੱਲ ਨਹੀਂ ਬਣਦੀ। ਫਿਰ ਕਿਤੇ ਇਨ੍ਹਾਂ ਨੇ ਕਿਹਾ ਹੈ ਕਿ ਇਹ ਰਾਬਰੀ ਦਾ ਕੇਸ ਹੈ, ਕਿਤੇ ਕਿਹਾ ਹੈ ਕਿ ਕੁਝ ਬੰਦੇ ਪਾਕਿਸਤਾਨ ਵਿਚੋਂ ਆਏ ਔਰ ਕਰਾਈਮ ਕਰਕੇ ਫਿਰ ਪਾਕਿਸਤਾਨ ਵਿਚ ਚਲੇ ਗਏ। ਮੈਂ ਕਹਾਂਗਾ ਕਿ ਜਿਥੇ ਜ਼ੁਲਮ ਹੋਇਆ ਹੈ, ਅੱਤਵਾਦ ਦਾ ਹੱਥ ਹੈ, ਉਸ ਨਾਲ ਚੰਗੀ ਤਰ੍ਹਾਂ ਸਖ਼ਤੀ ਨਾਲ ਨਿਪਟਣਾ ਚਾਹੀਦਾ ਹੈ, ਉਸ ਨੂੰ ਵਧਾਉਣਾ ਨਹੀਂ ਚਾਹੀਦਾ।

ਚੇਅਰਮੈਨ ਸਾਹਿਬ, ਇਨ੍ਹਾਂ ਨੇ ਡਿਮਾਂਡ ਨੰ: 20 ਵਿਚ ਪੈਸਾ ਮੰਗਿਆ ਹੈ ਔਰ ਕਿਹਾ ਹੈ ਕਿ 12 ਲੱਖ 17 ਹਜ਼ਾਰ ਨੂੰ ਅਸੀਂ ਉਹ ਸਿਨੇਮਾ ਖਰੀਦ ਕੇ ਲਾਇਬਰੇਰੀ ਬਣਾਉਣੀ ਹੈ। ਚੇਅਰਮੈਨ ਸਾਹਿਬ, ਲਾਇਬਰੇਰੀਆਂ ਬਣਾਉਣ ਤਾਂ ਕੋਈ ਇਤਰਾਜ਼ ਨਹੀਂ ਹੈ, ਪਿੰਡਾਂ ਵਿਚ ਬਣਾਉਣ, ਸ਼ਹਿਰਾਂ ਵਿਚ ਬਣਾਉਣ, ਕਸਬਿਆਂ ਵਿਚ ਬਣਾਉਣ, ਸਾਨੂੰ ਕੋਈ ਇਤਰਾਜ਼ ਨਹੀਂ ਹੈ। ਪਰ ਉਸ ਦੇ ਨਾਲ ਲਿਖਿਆ ਹੋਇਆ ਹੈ ਕਿ ਉਹ ਸਟੂਡੈਂਟਸ ਜਿਹੜੇ ਕਿ ਪੁਲਿਸ ਫਾਇਰਿੰਗ ਵਿਚ ਮਰ ਗਏ ਸਨ, ਉਨ੍ਹਾਂ ਦੀ ਯਾਦ ਵਿਚ ਲਾਇਬਰੇਰੀ ਬਣਾਉਣੀ ਹੈ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੁਡੀਸ਼ੀਅਲ ਇਨਕੁਆਇਰੀ ਹੋਈ ਹੈ ਔਰ ਜੁਡੀਸ਼ੀਅਲ ਇਨਕੁਆਇਰੀ ਦੀ ਇਹ ਰਿਪੋਰਟ ਹੈ, ਜੁਡੀਸ਼ੀਅਲ ਇਨਕੁਆਇਰੀ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਸਟੂਡੈਂਟਸ ਨੇ ਸਿਨਮੇਂ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਕਿਉਂ ਕਿ ਉਨ੍ਹਾਂ ਨੂੰ ਕੁਝ ਕਨਸੈਸ਼ਨ ਨਹੀਂ ਮਿਲ ਰਹੇ ਸਨ। ਜਿਸ ਵਾਇਲੈਂਸ ਨੇ ਸਾਰੇ ਪੰਜਾਬ ਨੂੰ ਲਪੇਟ ਵਿਚ ਲੈ ਲਿਆ ਸੀ, ਉਹ ਉਥੋਂ ਹੋਈ। ਇਸ ਕਰਕੇ ਮੈਂ ਕਹਾਂਗਾ ਕਿ ਲਾਇਬਰੇਰੀ ਜ਼ਰੂਰ ਬਣਾਉਣੀ ਚਾਹੀਦੀ ਹੈ ਲੇਕਿਨ ਉਨ੍ਹਾਂ ਸਟੂਡੈਂਟਸ ਦੀ ਮੈਮੂਰੀ ਵਿਚ ਲਾਇਬਰੇਰੀ ਬਣਾਉਣੀ ਕੋਈ ਅੱਛਾ ਪ੍ਰੀਸੀਡੈਂਟ ਨਹੀਂ ਹੋਵੇਗਾ। ਇਸ ਤਰ੍ਹਾਂ ਤਾਂ ਫਿਰ ਇਹ ਵੀ ਮੰਗ ਹੋਵੇਗੀ ਕਿ ਪੰਜਾਬ ਵਿਚ ਜਿੰਨੇ ਲੋਕ ਗੋਲੀਆਂ ਨਾਲ ਮਰੇ ਹਨ, ਲਾਲਾ ਜਗਤ ਨਰਾਇਣ ਹੈ, ਸ਼ਾਦੀ ਲਾਲ ਦਾ ਮਰਡਰ ਹੋਇਆ, ਮੈਂ ਕਿਹੜੇ ਕਿਹੜੇ ਦਾ ਨਾਮ ਲਵਾਂ। ਜੇਕਰ ਇਸ ਤਰ੍ਹਾਂ ਦੀ ਮੰਗ ਹੋਵੇਗੀ ਤਾਂ ਫਿਰ ਰਸਦੇ ਹੋਏ ਜ਼ਖ਼ਮਾਂ ਤੇ ਨਮਕ ਛਿੜਕਣ ਵਾਲੀ ਗੱਲ ਹੋਵੇਗੀ। ਜਦੋਂ ਇਸ ਚੈਪਟਰ ਨੂੰ ਕਲੋਜ਼ ਕਰਨਾ ਏ ਤਾਂ ਫਿਰ ਇਸ ਤਰ੍ਹਾਂ ਨਹੀਂ ਕਰਨਾ

ਚਾਹੀਦਾ । ਲਾਅ ਐਂਡ ਆਰਡਰ ਨੂੰ ਕਾਬੂ ਕਰਨ ਵਾਸਤੇ ਪੁਲਿਸ ਨੇ ਡਿਊਟੀ ਦਿਤੀ ਹੈ। ਜੇ ਕਿਸੇ ਨੇ ਅਣਗਹਿਲੀ ਵੀ ਕੀਤੀ ਹੈ ਤਾਂ ਉਨ੍ਹਾਂ ਚੀਜ਼ਾਂ ਨੂੰ ਉਭਾਰਨਾ ਨਹੀਂ ਚਾਹੀਦਾ। ਲਾਇਬਰੇਰੀ ਭਾਵੇਂ ਬਣਾ ਦਿਤੀ ਜਾਵੇ ਪਰ ਅਸੀਂ ਨਹੀਂ ਚਾਹੁੰਦੇ ਕਿ ਇਸ ਤਰ੍ਹਾਂ ਦੀਆਂ ਯਾਦਾਂ ਜਿਨ੍ਹਾਂ ਵਿਚ ਡਿਸਟਰਬੈਂਸ ਦਬਾਉਣ ਵਾਲੇ ਵਾਕਿਆਤ ਦੀ ਯਾਦਗਾਰ ਹੋਵੇ, ਉਹ ਇਥੇ ਬਣਾਈਆਂ ਜਾਣ ।

ਫਿਰ 38 ਵੀਂ ਡਿਮਾਂਡ ਵਿਚ ਥੀਨ ਡੈਮ ਦਾ ਜ਼ਿਕਰ ਕੀਤਾ ਗਿਆ ਹੈ । ਬਾਦਲ ਸਾਹਿਬ ਵੀ ਇਥੇ ਅੱਜ ਬੈਠੇ ਹਨ ਮੈਂ ਇਨ੍ਹਾਂ ਨੂੰ ਸੁਣਾਉਣਾ ਚਾਹਵਾਂਗਾ, ਇਹ ਉਸ ਵੇਲੇ ਚੀਫ ਮਨਿਸਟਰ ਸਨ । (**ਆਵਾਜ਼ਾਂ** : ਨਹੀਂ ਬਾਦਲ ਸਾਹਿਬ ਬੈਠੇ ਨਹੀਂ ਹਨ) ਨਹੀਂ ਹਨ ਤਾਂ ਕੋਈ ਗੱਲ ਨਹੀਂ ਲੇਕਿਨ ਉਹ ਉਸ ਵੇਲੇ ਚੀਫ ਮਨਿਸਟਰ ਤਾਂ ਸਨ । ਉਨ੍ਹਾਂ ਦੇ ਵੇਲੇ 4 ਜਨਵਰੀ, 1978 ਦੇ ਗਵਰਨਰ ਐਡਰੈਸ ਦੇ 7 ਸਫੇ ਤੇ 9 ਵੇਂ ਪੈਰੇ ਵਿਚ ਲਿਖਿਆ ਹੋਇਆ ਹੈ ਕਿ ਜੰਗੀ ਪੱਧਰ ਤੇ ਥੀਨ ਡੈਮ ਬਣਾਇਆ ਜਾਵੇਗਾ ਔਰ ਇਹ ਵੀ ਇਲਜ਼ਾਮ ਲਗਾਇਆ ਹੈ ਕਿ ਪਿਛਲੀ ਸਰਕਾਰ ਨੇ ਇਸ ਕੰਮ ਨੂੰ ਹੱਥ ਵਿਚ ਨਹੀਂ ਲਿਆ ਹੈ। ਫਿਰ ਕਿਹਾ ਹੈ ਕਿ ਅਸੀਂ ਇਸ ਨੂੰ ਨੇਪਰੇ ਚੜ੍ਹਾਵਾਂਗੇ। ਚੇਅਰ-ਮੈਨ ਸਾਹਿਬ, ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਥੇ ਇਸ ਵੇਲੇ ਸਾਡੇ ਚੀਫ ਮਨਿਸਟਰ ਸਾਹਿਬ ਬੈਠੇ ਹਨ, ਉਥੇ ਉਸ ਵੇਲੇ ਬਾਦਲ ਸਾਹਿਬ ਬੈਠੇ ਸਨ । ਅਸੀਂ ਉਦੋਂ ਵੀ ਇਧਰ ਬੈਠੇ ਸੀ। ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਨਾਲ ਬੈਠ ਕੇ ਅਧੀ ਪਿਆਲੀ ਚਾਹ ਦੀ ਨਹੀਂ ਸੀ ਪੀਤੀ ਔਰ ਥੀਨ ਡੈਮ ਦਾ ਮਾਮਲਾ ਸਾਫ਼ ਹੋ ਗਿਆ ਸੀ। ਤੁਸੀਂ ਰਿਕਾਰਡ ਕਢਾ ਕੇ ਵੇਖ ਲਵੋ । ਚੇਅਰਮੈਨ ਸਾਹਿਬ, ਇਕਬਾਲ ਨੇ ਇਕ ਬੜਾ ਸ਼ਾਨਦਾਰ ਸ਼ੇਅਰ ਕਿਹਾ ਹੈ —

> "ਇਕਬਾਲ ਬੜਾ ਉਪਦੇਸ਼ਕ ਹੈ
> ਮਨ ਬਾਤੋਂ ਸੇ ਮੋਹ ਲੇਤਾ ਹੈ
>
> ਗੁਫਤਾਰ ਕਾ ਗ਼ਾਜ਼ੀ ਬਨ ਹੀ ਗਿਆ
> ਕਿਰਦਾਰ ਕਾ ਗ਼ਾਜ਼ੀ ਬਨ ਨਾ ਸਕਾ" ।

ਚੇਅਰਮੈਨ ਸਾਹਿਬ, ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਥੀਨ ਡੈਮ ਦਾ ਜ਼ਿਕਰ ਕੀਤਾ ਹੈ ਔਰ ਚੰਗਾ ਹੁੰਦਾ ਜੇਕਰ ਇਹ ਸਾਰੀ ਗੱਲ ਕਹਿ ਦਿੰਦੇ। ਪਰ ਅਫਸੋਸ ਦੀ ਗੱਲ ਹੈ ਕਿ ਸਚਾਈ ਨੂੰ ਇਹ ਝੁਠਲਾ-ਉਣ ਔਰ ਚੰਗੀ ਗੱਲ ਹੋਵੇ ਤਾਂ ਪਰਦਾ ਪਾਉਣ । ਜਦੋਂ ਅਕਾਲੀ ਸਰਕਾਰ ਬਣੀ ਨਹੀਂ ਸੀ ਤਾਂ ਪ੍ਰਧਾਨ ਮੰਤਰੀ ਜੀ ਸ਼ਹੀਦ-ਏ-ਆਜ਼ਮ ਦੀ ਸਮਾਧੀ ਤੇ ਹੁਸੈਨੀਵਾਲਾ ਗਏ ਔਰ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕੋ ਘਬਰਾਓ ਨਹੀਂ ਪੰਜਾਬ ਤਰੱਕੀ ਕਰੇਗਾ ਔਰ ਥੀਨ ਡੈਮ ਬਣਾਵਾਂਗੇ। ਹੁਣ ਛੇ ਤਾਰੀਖ ਨੂੰ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨੇ ਉਥੇ ਨੀਂਹ ਪਥਰ ਰੱਖਣ ਵਾਸਤੇ ਕਿਹਾ ਹੈ ਔਰ ਪੈਸਾ ਦਿਤਾ ਹੈ ਔਰ ਉਨ੍ਹਾਂ ਨੇ ਪੈਸਾ ਹੋਰ ਵੀ ਦੇਣਾ ਹੈ ਕਿਉਂਕਿ ਇਹ ਪੰਜਾਬ ਦਾ ਥੀਨ ਡੈਮ ਹੈ, ਅਕਾਲੀ ਸਰਕਾਰ ਦਾ ਥੀਨ ਡੈਮ ਨਹੀਂ, ਹਿੰਦੁਸਤਾਨ ਦਾ ਥੀਨ ਡੈਮ ਹੈ। ਇਸ ਕਰ ਕੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨੂੰ ਇਸ ਗੱਲ ਦੀ ਚਿੰਤਾ ਹੈ। ਲੇਕਿਨ ਅਫ-ਸੋਸ ਹੈ ਕਿ ਪ੍ਰਧਾਨ ਮੰਤਰੀ ਦਾ ਸ਼ੁਕਰੀਆ ਅਦਾ ਤਾਂ ਇਨ੍ਹਾਂ ਕੀ ਕਰਨਾ ਸੀ, ਇਹ ਵੀ ਨਹੀਂ ਕਿਹਾ ਕਿ ਉਨ੍ਹਾਂ ਪੈਸਾ ਦਿਤਾ ਹੈ ਔਰ ਉਹ ਪੈਸਾ ਹੋਰ ਵੀ ਦੇਣਗੇ। ਚੇਅਰਮੈਨ ਸਾਹਿਬ, ਸਾਡੇ ਤੇ ਇਲਜ਼ਾਮ ਲਗਾਇਆ ਕਿ ਸਾਡੀ ਸਰਕਾਰ ਨੇ, ਜਦੋਂ ਪਾਵਰ ਵਿਚ ਸੀ, ਥੀਨ ਡੈਮ ਵੱਲ ਧਿਆਨ ਨਹੀਂ ਦਿਤਾ। ਮੈਂ ਕਹਾਂਗਾ ਕਿ ਜਦੋਂ ਥੀਨ ਡੈਮ ਦਾ ਕਾਂਸੈਪਟ ਆਇਆ ਸੀ ਤਾਂ ਇਹ 67 ਕਰੋੜ ਰੁਪਏ ਦਾ ਪ੍ਰਾਜੈਕਟ ਸੀ। ਜਦੋਂ ਬਾਦਲ ਸਾਹਿਬ ਬਣਾਉਣਾ

[ਡਾਕਟਰ ਕੇਵਲ ਕ੍ਰਿਸ਼ਨ]

ਚਾਹੁੰਦੇ ਸਨ, ਉਦੋਂ ਸਸਤੇ ਭਾਅ ਵਿਚ ਬਣ ਜਾਣਾ ਸੀ। ਜਿਸ ਵੇਲੇ ਸੰਨ 1980 ਵਿਚ ਸਾਡੀ ਸਰਕਾਰ ਬਣੀ ਤਾਂ ਉਸ ਦੀ ਐਸਟੀਮੇਟਿਡ ਕਾਸਟ 400 ਕਰੋੜ ਰੁਪਏ ਤੋਂ ਵਧ ਹੋ ਗਈ ਸੀ । ਜਦ ਸਾਡੇ ਲਈ ਇਹ ਸਵਾਲ ਸਾਹਮਣੇ ਆਇਆ ਕਿ ਜਾਂ ਤਾਂ ਥਰਮਲ ਪਲਾਂਟ, ਰੋਪੜ ਨੂੰ ਪੂਰਾ ਕਰੀਏ, ਜਾਂ ਆਨੰਦ ਪੁਰ ਸਾਹਿਬ ਦਾ ਜਾਂ ਮੁਕੇਰੀਆਂ ਹਾਈਡਲ ਪ੍ਰਾਜੈਕਟ ਪੂਰਾ ਕਰੀਏ। ਅਸੀਂ ਕੋਸ਼ਿਸ਼ ਕੀਤੀ ਔਰ ਆਨੰਦਪੁਰ ਸਾਹਿਬ ਔਰ ਮੁਕੇਰੀਆਂ ਦਾ ਹਾਈਡਲ ਪ੍ਰਾਜੈਕਟ ਅਤੇ ਰੋਪੜ ਥਰਮਲ ਪੂਰੇ ਕੀਤੇ ਔਰ ਉਨ੍ਹਾਂ ਦੇ ਮੁਕੰਮਲ ਕਰਨ ਵਾਸਤੇ 700 ਕਰੋੜ ਰੁਪਿਆ ਖਰਚ ਕੀਤਾ ਔਰ ਬਿਜਲੀ ਪੈਦਾ ਕਰਨ ਵਾਸਤੇ ਉਪਰਾਲਾ ਕੀਤਾ। ਮੈਨੂੰ ਬੜੀ ਖੁਸ਼ੀ ਹੋਵੇਗੀ ਜਿਸ ਦਿਨ ਇਹ ਪ੍ਰਧਾਨ ਮੰਤਰੀ ਜੀ ਦਾ ਧੰਦਵਾਦ ਕਰਨਗੇ ਔਰ ਕਹਿਣਗੇ ਕਿ ਸੈਂਟਰ ਦੀ ਸਰਕਾਰ ਨੇ ਥੀਨ ਡੈਮ ਦੀ ਉਸਾਰੀ ਵਾਸਤੇ ਰਾਜੀਵ ਜੀ ਨੇ, ਪੈਸਾ ਦਿਤਾ ਹੈ, ਅੱਛਾ ਕੀਤਾ ਹੈ। ਜੇਕਰ ਇਹ ਨਹੀਂ ਕਹਿਣਗੇ ਤਾਂ ਅਸੀਂ ਅਫਸੋਸ ਦਾ ਇਜ਼ਹਾਰ ਕਰਨ ਤੋਂ ਸਿਵਾ ਹੋਰ ਕਰ ਵੀ ਕੀ ਸਕਦੇ ਹਾਂ ।......

ਸ੍ਰੀ ਸਭਾਪਤੀ : ਡਾਕਟਰ ਸਾਹਿਬ, ਉਹ ਤਾਂ ਪ੍ਰਧਾਨ ਮੰਤਰੀ ਤੋਂ ਨੀਂਹ ਪਥਰ ਆਪ ਰਖਵਾ ਰਹੇ ਹਨ, ਹੋਰ ਕੀ ਕਰਨ, ਇਤਬਾਰ ਕਰੋ ।

ਡਾਕਟਰ ਕੇਵਲ ਕ੍ਰਿਸ਼ਨ : ਇਹ ਕਨਸਟਰੱਕਟਿਵ ਕੋਆਪਰੇਸ਼ਨ ਹੈ ਔਰ ਮੈਂ ਸਮਝਦਾ ਹਾਂ ਕਿ ਸੈਂਟਰ ਦੀ ਮੱਦਦ ਨਾਲ ਹੀ ਕੰਮ ਚੱਲ ਸਕਦਾ ਹੈ। ਇਹ 380 ਕਰੋੜ ਰੁਪਈਏ ਦਾ ਘਾਟਾ ਬਾਰ ਬਾਰ ਦਸਦੇ ਹਨ। ਪਰ ਇਹ ਕਿਸ ਨੇ ਕੀਤਾ ਔਰ ਕਿਵੇਂ ਕੀਤਾ। ਜੇ ਮੈਂ ਕਹਵਾਂ ਕਿ ਅਕਾਲੀ ਐਜੀਟੇਸ਼ਨ ਨੇ ਕੀਤਾ ਤਾਂ ਲੜਾਈ ਵਾਲੀ ਗਲ ਹੈ । ਮੈਂ ਸਮਝਦਾ ਹਾਂ ਕਿ ਸੈਂਟਰ ਤੋਂ ਪੈਸੇ ਲਏ ਬਗੈਰ ਪੰਜਾਬ ਦਾ ਗੁਜ਼ਾਰਾ ਨਹੀਂ। ਪਰ ਨਾਲੇ ਅੱਖਾਂ ਵਿਖਾਈਏ, ਘੁਰਕੀ ਦੇਈਏ ਔਰ ਰੋਹਬ ਨਾਲ ਪੈਸੇ ਲੈਣੇ ਚਾਹੁੰਦੇ ਹੋ। ਚੇਅਰਮੈਨ ਸਾਹਿਬ, ਤੁਸੀਂ ਸਾਰੀਆਂ ਪ੍ਰੋਸੀਡਿੰਗਜ਼ ਕਢਵਾ ਲਵੋ । ਐਫ. ਸੀ. ਆਈ. ਬਾਰੇ ਸੈਂਟਰ ਨੂੰ ਕੋਸਿਆ ਗਿਆ ਹੈ। ਮੈਨੂੰ ਅਫਸੋਸ ਹੈ ਕਿ ਇਨ੍ਹਾਂ ਦਾ ਇਹ ਹੋਸਟਾਈਲ ਐਟੀਚਿਊਡ ਠੀਕ ਨਹੀਂ ਹੈ। ....

ਸਰਦਾਰ ਦਲੀਪ ਸਿੰਘ ਪਾਂਧੀ : ਜੀਰੀ ਸੈਂਟਰ ਚੁਕ ਨਹੀਂ ਰਿਹਾ, ਇਹ ਵੀ ਦੱਸੋ ।

ਡਾਕਟਰ ਕੇਵਲ ਕ੍ਰਿਸ਼ਨ : ਸੈਂਟਰ ਨੇ ਜੀਰੀ ਚੁਕਣੀ ਹੈ ਔਰ ਪੈਸੇ ਨਾਲ ਚੁਕਣੀ ਹੈ। ਇਹ ਜਿਤਨਾ ਪੈਸਾ ਖਰਚ ਕਰ ਸਕਦੇ ਹਨ ਕਰ ਲੈਣ ਪਰ ਜਿਤਨਾ ਚਿਰ ਸੈਂਟਰ ਤੋਂ ਪੈਸਾ ਨਹੀਂ ਆਉਂਦਾ, ਕੰਮ ਨਹੀਂ ਚਲਦਾ। ਅਸੀਂ ਕਿਸਾਨਾਂ ਦੇ ਹਾਮੀ ਹਾਂ ਔਰ ਮੰਗ ਕਰਾਂਗੇ ਕਿ ਪੰਜਾਬ ਦੇ ਕਿਸਾਨ ਨੂੰ ਸਹੂਲਤਾਂ ਦਿਤੀਆਂ ਜਾਣ । (ਘੰਟੀ) ਬੱਸ ਜੀ, ਮੈਂ ਆਖਰੀ ਪੁਆਇੰਟ ਸਤਲੁਜ ਯਮੁਨਾ ਲਿੰਕ ਬਾਰੇ ਕਹਿਣਾ ਹੈ। 39 ਵੀਂ ਡਿਮਾਂਡ ਵਿਚ ਸਤਲੁਜ ਯਮੁਨਾ ਲਿੰਕ ਕੈਨਾਲ ਬਾਰੇ ਜ਼ਿਕਰ ਕੀਤਾ ਗਿਆ ਹੈ। ਪਰ ਅਫਸੋਸ ਹੈ ਕਿ ਭਾਰਤੀ ਕਿਸਾਨ ਯੂਨੀਅਨ ਦਾ ਝੰਡਾ ਵਿਚ ਲਗਾ ਦਿਤਾ ਹੈ ਤਾ ਕਿ ਇਹ ਨਹਿਰ ਪੂਰੀ ਨਾ ਹੋਵੇ । ਬਾਦਲ ਸਾਹਿਬ ਦੀ ਸਟੇਟਮੈਂਟ ਵੀ ਆਈ ਸੀ ਕਿ ਅਸੀਂ ਉਨ੍ਹਾਂ ਦੀ ਅਗਵਾਈ ਕਰਾਂਗੇ । ਜੇਕਰ ਅਕਾਰਡ ਦੀ ਇਜ਼ਤ ਕਰਦੇ ਹਾਂ, ਉਸ ਅਕਾਰਡ ਨੂੰ ਲਾਗੂ ਕਰਨਾ ਹੈ ਤਾਂ ਅਸੀਂ ਵੇਖੀਏ ਕਿ ਜਿਹੜੇ ਸਾਡੇ ਸਾਥੀ ਐਸ. ਵਾਈ. ਐਲ. ਦੀ ਕਨਸਟਰਕਸ਼ਨ ਵਿਚ ਰੁਕਾਵਟ ਪੈਦਾ ਕਰ ਰਹੇ ਹਨ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਹਟਾਵੇ ਤਾ ਕਿ ਨਹਿਰ ਵੇਲੇ ਸਿਰ ਪੂਰੀ ਹੋ ਸਕੇ। ਰਾਜੀਵ ਜੀ ਔਰ ਸੰਤ ਲੋਂਗੋਵਾਲ ਜੀ ਦਾ ਹਿਸਟਾਰਿਕ ਅਕਾਰਡ ਹੈ, ਉਸ ਤੇ ਅਮਲ ਹੋ ਸਕੇ ਪਰ ਮੈਨੂੰ ਤਾਂ ਐਸਾ ਲਗਦਾ ਹੈ ਕਿ ਬਾਦਲ ਸਾਹਿਬ ਸ਼ਾਇਦ ਪੁਰਾਣਾ ਉਲਾਂਭਾ ਲਾਹੁਣਾ ਚਾਹੁੰਦੇ ਹਨ। ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਇਕ ਕਰੋੜ ਰੁਪਿਆ ਇਨ੍ਹਾਂ ਨੇ ਐਸ. ਵਾਈ. ਐਲ. ਦੀ ਖੁਦਾਈ ਵਾਸਤੇ ਹਰਿਆਣਾ ਤੋਂ ਲੈ ਲਿਆ ਸੀ । ਚੀਫ ਮਨਿਸਟਰ ਸਾਹਿਬ ਤਾਂ ਕਹਿੰਦੇ ਸਨ ਕਿ ਦਰਬਾਰਾ ਸਿੰਘ ਜੀ ਦੀ ਸਰਕਾਰ ਤਾਂ ਪਾਣੀ ਲੁਟਾਈ ਜਾਂਦੀ ਰਹੀ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਤੁਹਾਡੀ ਸਰਕਾਰ

ਉਸ ਵੇਲੇ ਨਹੀਂ ਸੀ ਜਿਹੜੀ ਖੁਦਾਈ ਵਾਸਤੇ ਤਿਆਰ ਹੋ ਗਈ ਔਰ ਇਕ ਕਰੋੜ ਰੁਪਿਆ ਵੀ ਲੈ ਲਿਆ। ਜੋ ਹੁਣ ਸਮਝੌਤਾ ਹੋਇਆ ਹੈ, ਉਸ ਕੋਲੋਂ ਬਹੁਤੀ ਚੀਜ਼ ਨਹੀਂ ਹੈ। ਬਲਕਿ ਇਥੇ ਇਨ੍ਹਾਂ ਨੇ ਇਕ ਸਮਝੌਤਾ ਕਰ ਲਿਆ ਸੀ ਜਿਸ ਨੂੰ ਕੱਟਣ ਵਾਸਤੇ ਅੱਜ ਇਥੇ ਇਹ ਇਕ ਰੈਜ਼ੋਲਿਊਸ਼ਨ ਵੀ ਲਿਆ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਜਿਹੜੀਆਂ ਇਨ੍ਹਾ ਦੀਆਂ ਗੱਲਾਂ ਹਨ, ਇਹ ਠੀਕ ਨਹੀਂ ਹਨ। ਉਸ ਵੇਲੇ ਦੀ ਅਕਾਲੀ ਸਰਕਾਰ ਨੇ ਬਾਦਲ ਸਾਹਿਬ ਦੀ ਸਰਕਾਰ ਨੇ ਰੁਪਿਆ ਲੈ ਕੇ ਸਤਲੁਜ ਯਮੁਨਾ ਲਿੰਕ ਪੁਟਣ ਵਾਸਤੇ ਪੂਰੀ ਤਿਆਰੀ ਕੀਤੀ ਸੀ। ਪਰ ਹੁਣ ਇਹ ਕਹਿੰਦੇ ਹਨ ਕਿ ਪੰਜਾਬ ਦਾ ਪਾਣੀ ਲੁਟਾਇਆ ਜਾ ਰਿਹਾ ਹੈ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਦਾ ਕੋਈ ਪਾਣੀ ਨਹੀਂ ਲੁਟਾਇਆ ਗਿਆ। ਹਾਲੇ ਤਕ ਰਾਜਿਸਥਾਨ ਨੇ ਇਸ ਪਾਣੀ ਨੂੰ ਯੂਜ਼ ਨਹੀਂ ਕੀਤਾ, ਹਰਿਆਣਾ ਦੀ ਐਸ. ਵਾਈ. ਐਲ. ਬਣੀ ਨਹੀਂ ਤਾਂ ਪਾਣੀ ਪੰਜਾਬ ਦਾ ਕਿਵੇਂ ਲੁਟ ਗਿਆ ? ਹੁਣ ਤਕ ਪੰਜਾਬ ਦਾ ਪਾਣੀ ਪੰਜਾਬ ਵਿਚ ਹੀ ਰਿਹਾ ਹੈ। ਅੱਜ ਸਸਤੀ ਵਾਹ ਵਾਹ ਲੈਣ ਦੀ ਖਾਤਰ ਇਹ ਕਹਿੰਦੇ ਹਨ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਪੰਜਾਬ ਦਾ ਪਾਣੀ ਲੁਟਾ ਦਿਤਾ। ਪਰ ਅਸਲ ਗਲ ਇਹ ਹੈ ਕਿ ਕਾਂਗਰਸ ਸਰਕਾਰ ਨੇ ਪੰਜਾਬ ਦੀ ਉਸਾਰੀ ਕੀਤੀ ਹੈ। ਕਾਂਗਰਸ ਸਰਕਾਰ ਨੇ ਹੀ ਹਰ ਵੇਲੇ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਕੀਤੀ ਹੈ। ਕਾਂਗਰਸ ਸਰਕਾਰ ਨੇ ਹੀ ਪੰਜਾਬ ਦੇ ਲੋਕਾਂ ਵਾਸਤੇ ਹਰ ਤਰ੍ਹਾਂ ਦੀ ਕੁਰਬਾਨੀ ਕੀਤੀ ਹੈ ਔਰ ਹਿੰਦੁਸਤਾਨ ਦਾ ਨਾਂ ਉਚਾ ਕੀਤਾ ਹੈ ਔਰ ਅੱਗੋਂ ਵੀ ਇਸੇ ਤਰ੍ਹਾਂ ਹੀ ਪੰਜਾਬ ਦੇ ਲੋਕਾਂ ਦੀ ਕਾਂਗਰਸ ਪਾਰਟੀ ਸੇਵਾ ਕਰਦੀ ਰਹੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਇਨ੍ਹਾਂ ਡਿਮਾਂਡਜ਼ ਦੀ ਵਿਰੋਧਤਾ ਕਰਦਾ ਹੋਇਆ ਆਪਣੇ ਭਾਸ਼ਣ ਨੂੰ ਸਮਾਪਤ ਕਰਦਾ ਹਾਂ।

ਸਰਦਾਰ ਦਲੀਪ ਸਿੰਘ ਪਾਂਧੀ : (ਅਮਲੋਹ, ਐਸ. ਸੀ.) ਆਨਰੇਬਲ ਚੇਅਰਮੈਨ ਸਾਹਿਬ, ਬੜਾ ਜ਼ਰੂਰੀ ਮਾਮਲਾ ਡਿਸਕਸ ਹੋ ਰਿਹਾ ਹੈ ਪਰ ਹਕੀਮ ਸਾਹਿਬ ਨੇ ਇਥੇ ਬੋਲਦਿਆਂ ਹੋਇਆਂ ਸਾਡੇ ਤੇ ਕਈ ਤਰ੍ਹਾਂ ਦੇ ਇਲਜ਼ਾਮ ਲਾਏ ਹਨ।

ਸ੍ਰੀ ਸਭਾਪਤੀ . ਤੁਸੀਂ ਹਕੀਮ ਕਿਸ ਨੂੰ ਕਹਿ ਰਹੇ ਹੋ ? ਪਰਾਪਰਲੀ ਐਡਰੈਸ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਜਿਹੜਾ ਆਪਣੇ ਆਪ ਨੂੰ ਡਾਕਟਰ ਕਹਾਉਂਦਾ ਹੋਵੇ ਪਰ ਉਹ ਡਾਕਟਰ ਨਾ ਹੋਵੇ। ਉਹ ਰਜਿਸਟਰਡ ਵੈਦ ਹੈ। ਡਾਕਟਰ ਕਹਾ ਕੇ ਉਹ ਹਾਊਸ ਨੂੰ ਮਿਸਲੀਡ ਕਰਦੇ ਹਨ।

ਸ੍ਰੀ ਓਮ ਪ੍ਰਕਾਸ਼ ਗੁਪਤਾ : ** ** **

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ: ਚੇਅਰਮੈਨ ਸਾਹਿਬ, ਇਹ ਗੱਲਾਂ ਇਥੇ ਅੱਜ ਕਰਦੇ ਹਨ ਪਰ ਤੁਹਾਨੂੰ ਪਤਾ ਹੈ ਕਿ ਅਸੀਂ ਜਦੋਂ ਪੰਜਾਬ ਵਿਚ ਲੋਕਾਂ ਦੇ ਭਲੇ ਵਾਸਤੇ ਐਜੀਟੇਸ਼ਨ ਕੀਤੀ ਤਾਂ ਸਾਨੂੰ ਫੜ ਕੇ ਜੇਲ੍ਹਾਂ ਵਿਚ ਦੇ ਦਿਤਾ ਔਰ ਸਾਨੂੰ ਤੰਗ ਕੀਤਾ ਗਿਆ। ਪਰ ਜਦੋਂ ਜਨਤਾ ਸਰਕਾਰ ਦਾ ਰਾਜ ਸੀ ਤਾਂ ਯੂ. ਪੀ. ਵਿਚ ਦੋ ਪਾਂਡੇ ਬਰਦਰਜ਼ ਨੇ ਜਹਾਜ਼ ਅਗਵਾ ਕੀਤਾ ਸੀ ਔਰ ਉਨ੍ਹਾਂ ਨੂੰ ਇਨ੍ਹਾਂ ਕਾਂਗਰਸੀਆਂ ਨੇ ਆ ਕੇ ਮੁਆਵਜ਼ੇ ਵਿਚ ਵਿਧਾਇਕ ਵੀ ਬਣਾਇਆ ਅਤੇ ਉਨ੍ਹਾਂ ਦਾ ਸ਼ੁਕਰਾਨਾ ਅਦਾ ਵੀ ਕੀਤਾ। ਫਿਰ ਜਦੋਂ ਇਥੇ ਬਾਦਲ

**Expunged as ordered by the Chair.

[ਸਰਦਾਰ ਦਲੀਪ ਸਿੰਘ ਪਾਂਧੀ]

ਸਾਹਿਬ ਦੀ ਸਰਕਾਰ ਸੀ ਤਾਂ ਇਨ੍ਹਾਂ ਦੀ ਕਾਂਗਰਸ ਦੇ ਇਕ ਫਰੀਦਕੋਟ ਦੇ ਨੌਜਵਾਨ ਨੇ ਨੈਸ਼ਨਲ ਝੰਡੇ ਨੂੰ ਪਾੜਿਆ। ਉਸ ਦੇ ਖਿਲਾਫ਼ ਕੋਰਟ ਵਿਚ ਕੇਸ ਬਣਾਇਆ ਗਿਆ ਪਰ ਜਦੋਂ ਫਿਰ ਇਨ੍ਹਾਂ ਸਾਹਮਣੇ ਬੈਠੇ ਕਾਂਗਰਸੀਆਂ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਉਹ ਕੇਸ ਵਾਪਸ ਲੈ ਲਿਆ ਅਤੇ ਉਸ ਨੌਜਵਾਨ ਨੂੰ ਬਿਜਲੀ ਬੋਰਡ ਵਿਚ ਐਡਮਨਿਸਟ੍ਰੇਟਿਵ ਮੈਂਬਰ ਲਾ ਦਿੱਤਾ। ਇਸ ਤੋਂ ਇਲਾਵਾ ਜੋ ਇਨ੍ਹਾਂ ਦੇ ਮੰਤਰੀਆਂ ਦਾ ਹਾਲ ਰਿਹਾ ਹੈ, ਜੋ ਉਨ੍ਹਾਂ ਦੀ ਕਾਰਕਰਦਗੀ ਰਹੀ ਹੈ, ਉਸ ਦੇ ਬਾਰੇ ਵਿਚ ਗੁਰਿੰਦਰ ਸਿੰਘ ਦਾ ਕਾਂਡ ਮੂੰਹ ਬੋਲਦੀ ਤਸਵੀਰ ਹੈ। ਇਸ ਤੋਂ ਬਾਅਦ ਗਵਰਨਰ ਸਾਹਿਬ ਦੇ ਭਾਸ਼ਣ ਨੇ ਇਹ ਗੱਲ ਸਾਬਤ ਕਰ ਦਿਤੀ ਹੈ ਕਿ ਇਹ ਆਪ ਹੀ ਸਾਰੇ ਕਤਲ ਕਰਵਾਉਂਦੇ ਰਹੇ ਹਨ ਤੇ ਅਤਿਵਾਦੀਆਂ ਨਾਲ ਇਨ੍ਹਾਂ ਦੇ ਲਿੰਕ ਰਹੇ ਹਨ। ਸਾਨੂੰ ਤਾਂ ਸਮਝ ਨਹੀਂ ਲਗਦੀ ਕਿ ਅੱਜ ਇਹ ਕਿਸ ਤਰ੍ਹਾਂ ਬੋਲਦੇ ਹਨ। ਆਉਣ ਵਾਲੀ ਪੰਜਾਬ ਦੀ ਜਨਤਾ ਇਨ੍ਹਾਂ ਨੂੰ ਕਦੇ ਬਖਸ਼ ਨਹੀਂ ਸਕਦੀ। ਇਨ੍ਹਾਂ ਨੂੰ ਕੋਈ ਵੀ ਮੁਆਫ਼ ਨਹੀਂ ਕਰੇਗਾ। ਇਨ੍ਹਾਂ ਦੇ ਵਜ਼ੀਰਾਂ ਦੇ ਖਿਲਾਫ਼ ਰਿਪੋਰਟਾਂ ਛੱਪ ਚੁਕੀਆਂ ਹਨ। ਮੈਂ ਜ਼ਿਆਦਾ ਨਹੀਂ ਕਹਿੰਦਾ ਕਿਉਂਕਿ ਹੁਣ ਪ੍ਰਧਾਨ ਮੰਤਰੀ ਨਾਲ ਇਕ ਸਮਝੌਤਾ ਹੋ ਚੁੱਕਾ ਹੈ ਪਰ ਮੈਨੂੰ ਸ਼ੱਕ ਹੈ ਕਿ ਇਹ ਉਸ ਸਮਝੌਤੇ ਨੂੰ ਵੀ ਲਾਗੂ ਨਹੀਂ ਹੋਣ ਦੇਣਾ ਚਾਹੁੰਦੇ। ਚੇਅਰਮੈਨ ਸਾਹਿਬ, ਪਿਛਲੀਆਂ ਰਿਪੋਰਟਾਂ ਤੋਂ ਇਹ ਗੱਲ ਸਾਫ਼ ਹੋ ਚੁਕੀ ਹੈ ਕਿ ਹੁਣ ਤਕ ਪੰਜਾਬ ਵਿਚ ਜੋ ਕੁਝ ਹਾਲਾਤ ਵਿਗੜਦੇ ਰਹੇ ਹਨ, ਉਸ ਦੀ ਜ਼ਿਮੇਵਾਰੀ ਪਿਛਲੀ ਕਾਂਗਰਸ ਸਰਕਾਰ ਤੇ ਹੀ ਪੈਂਦੀ ਹੈ ਜਾਂ ਫਿਰ ਕੇਂਦਰੀ ਸਰਕਾਰ ਤੇ ਪੈਂਦੀ ਹੈ।

ਚੇਅਰਮੈਨ ਸਾਹਿਬ, ਹੁਣ ਜਦੋਂ ਸਾਡੀ ਸਰਕਾਰ ਲੋਕਾਂ ਨੇ ਬਣਾਈ ਹੈ ਤਾਂ ਸੈਂਟਰ ਸਰਕਾਰ ਨੇ ਜੀਰੀ ਦੇ ਬਾਰੇ ਵਿਚ ਇਕ ਮਰਿਆ ਸੱਪ ਸਾਡੇ ਗਲ ਵਿਚ ਪਾ ਦਿਤਾ ਹੈ। ਜੀਰੀ ਆਪ ਚੁਕਣ ਦਾ ਫੈਸਲਾ ਨਹੀਂ ਕਰਦੇ, ਨਾਂ ਸਾਡਾ ਲਈ ਜਾਂਦੇ ਹਨ। ਮੈਂ ਦਸਦਾ ਹਾਂ ਕਿ ਨੂਰਮਹਿਲ ਵਿਚ 7 ਦਿਨ ਜੀਰੀ ਪਈ ਰਹੀ, ਕਿਸੇ ਨੇ ਨਹੀਂ ਖਰੀਦੀ। ਇਸ ਦੀ ਜ਼ਿਮੇਵਾਰੀ ਕਿਸ ਤੇ ਹੈ? ਇਸੇ ਤਰ੍ਹਾਂ ਕੋਟ ਬਾਦਲ ਖਾਨ ਵਿਚ ਜੀਰੀ ਪਈ ਰਹੀ ਪਰ ਕੋਈ ਨਹੀਂ ਖਰੀਦਦਾ ਸੀ। ਜੇ ਇਸ ਦੀ ਸਾਰੀ ਜ਼ਿਮੇਵਾਰੀ ਦਿੱਲੀ ਦੀ ਸਰਕਾਰ ਤੇ ਨਹੀਂ ਤਾਂ ਹੋਰ ਕਿਸ ਦੀ ਹੈ? ਅੱਜ ਜੇ ਅਸੀਂ ਸੈਂਟਰ ਦਾ ਨਾਂ ਲੈਂਦੇ ਹਾਂ ਤਾਂ ਇਹ ਸਾਡੇ ਤੇ ਇਲਜ਼ਾਮ ਲਾਉਂਦੇ ਹਨ। ਚੇਅਰਮੈਨ ਸਾਹਿਬ, ਮੈਥਿਊ ਕਮਿਸ਼ਨ ਦੀ ਗੱਲ ਇਥੇ ਕੀਤੀ ਗਈ ਤਾਂ ਇਹ ਵਾਕ ਆਊਟ ਕਰ ਗਏ। ਮੈਂ ਇਨ੍ਹਾਂ ਗੱਲਾਂ ਨੂੰ ਟੱਚ ਨਹੀਂ ਕਰਨਾ ਚਾਹੁੰਦਾ ਸੀ ਪਰ ਡਾਕਟਰ ਸਾਹਿਬ ਨੇ ਸਾਡੇ ਜ਼ਖਮਾਂ ਨੂੰ ਉਖੇੜ ਦਿਤਾ ਹੈ। ਇਨ੍ਹਾਂ ਨੇ ਜੋ ਜੋ ਗਲਤੀਆਂ ਕੀਤੀਆਂ, ਮੈਂ ਦੱਸਣ ਲਗਾਂ ਤਾਂ ਸਮਾਂ ਬਹੁਤ ਜ਼ਿਆਦਾ ਲਗ ਜਾਵੇਗਾ। ਚੇਅਰਮੈਨ ਸਾਹਿਬ, ਇਕ ਦਾਮੋਦਰ ਵੈਲੀ ਕਾਰਪੋਰੇਸ਼ਨ ਭਾਰਤ ਸਰਕਾਰ ਨੇ ਬਣਾ ਦਿਤੀ। ਕੀ ਥੀਨ ਡੈਮ ਦਾ ਸਾਰਾ ਖਰਚਾ ਭਾਰਤ ਸਰਕਾਰ ਨੂੰ ਨਹੀਂ ਦੇਣਾ ਚਾਹੀਦਾ? ਇਹ ਇਕ ਇੰਟਰਨੈਸ਼ਨਲ ਇਸ਼ੂ ਸੀ। ਕੀ ਪਾਕਿਸਤਾਨ ਨੂੰ ਬਣਾਉਣ ਵਿਚ ਇਨ੍ਹਾਂ ਦਾ ਹੀ ਹੱਥ ਨਹੀਂ ਸੀ। ਫਿਰ ਵੀ ਇਹ ਇਥੇ ਸਾਡੇ ਤੇ ਇਲਜ਼ਾਮ ਲਾਉਂਦੇ ਹਨ। ਇਹ ਇਥੇ ਥੀਨ ਡੈਮ ਦੀ ਗੱਲਾਂ ਕਰਦੇ ਹਨ। ਪਰ ਇਨ੍ਹਾਂ ਕੋਲੋਂ ਅੱਜ ਤਕ ਇਹ ਨਹੀਂ ਬਣਿਆ। ਚੇਅਰਮੈਨ ਸਾਹਿਬ, ਗੁਰੂ ਨਾਨਕ ਥਰਮਲ ਪਲਾਂਟ ਅਸੀਂ ਬਣਾਇਆ ਔਰ ਬਗੈਰ ਮਨਜ਼ੂਰੀ ਦੇ ਬਣਾਇਆ। ਇਹ ਇਨ੍ਹਾਂ ਨੂੰ ਪਤਾ ਹੈ ਪਰ ਫਿਰ ਵੀ ਇਹ ਸਾਡੇ ਤੇ ਇਲਜ਼ਾਮ ਲਾਉਂਦੇ ਹਨ। ਇਹ ਆਪ ਤਾਂ ਖਾਂਦੇ ਪੀਂਦੇ ਤੇ ਆਰਾਮ ਕਰਦੇ ਹਨ ਅਤੇ ਇਥੇ ਆ ਕੇ ਦਵਾਈਆਂ ਵੇਚਦੇ ਹਨ।

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਬਹਿਸ ਹੋ ਰਹੀ ਹੈ ਸਪਲੀਮੈਂਟਰੀ ਡਿਮਾਂਡਜ਼ ਤੇ। ਹੁਣੇ ਹੀ ਸਪੀਕਰ ਸਾਹਿਬ ਦੀ ਅਨਾਊਂਸਮੈਂਟ ਆਈ ਸੀ ਕਿ ਮੈਂਬਰ ਸਾਹਿਬ ਬੋਲਣ ਲਗੇ ਡਿਮਾਂਡਜ਼ ਦਾ ਨੰਬਰ ਦੱਸਣ। ਪਰ ਪਾਂਧੀ ਸਾਹਿਬ ਇਹ ਜਿਹੜੀਆਂ ਗੱਲਾਂ ਕਰ ਰਹੇ ਹਨ, ਇਹ ਕਿਹੜੀ ਡਿਮਾਂਡਜ਼ ਦੇ ਵਿਚ ਲਿਖੀਆਂ ਹੋਈਆਂ ਹਨ?

ਸ੍ਰੀ ਸਭਾਪਤੀ : ਪਾਂਧੀ ਸਾਹਿਬ, ਤੁਸੀਂ ਡਿਮਾਂਡਜ਼ ਤੇ ਆਪਣੀ ਗੱਲ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਇਹ ਮੈਨੂੰ ਇੰਟਰਪਟ ਕਿਉਂ ਕਰਦੇ ਹਨ ? ਜਦੋਂ ਇਹ ਬੋਲ ਰਹੇ ਸਨ ਤਾਂ ਅਸੀਂ ਤਾਂ ਇਨ੍ਹਾਂ ਨੂੰ ਇੰਟਰਪਟ ਨਹੀਂ ਕੀਤਾ। ਜਿਹੜੇ ਦਿੱਲੀ ਦੇ ਰਾਇਟਸ ਹੋਏ, ਉਨ੍ਹਾਂ ਦੀ ਜ਼ਿੰਮੇਵਾਰੀ ਕਿਸ ਦੀ ਹੈ। (ਵਿਘਨ) ਚਲੋ ਚੇਅਰਮੈਨ ਸਾਹਿਬ, ਮੈਂ ਡੀਮਾਂਡਜ਼ ਤੇ ਹੀ ਕਹਿੰਦਾ ਹਾਂ। ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜਿਹੜੇ ਮਸਲੇ ਪੰਜਾਬ ਵਿਚ ਪੈਦਾ ਹੋਏ ਹਨ, ਇਹ ਇਨ੍ਹਾਂ ਦੇ ਹੀ ਪੈਦਾ ਕੀਤੇ ਹੋਏ ਹਨ । ਚੇਅਰਮੈਨ ਸਾਹਿਬ, ਹੁਣ ਤਕ ਥੀਨ ਡੈਮ ਉਤੇ 100 ਕਰੋੜ ਦੇ ਕਰੀਬ ਖਰਚਾ ਹੋ ਚੁਕਾ ਹੈ । ਦਿੱਲੀ ਦੀ ਸਰਕਾਰ ਸਾਨੂੰ ਪੈਸਾ ਦੇ ਨਹੀਂ ਰਹੀ ਹੈ। ਸਾਡੇ ਕੋਲ ਇਸ ਤੇ ਖਰਚ ਕਰਨ ਲਈ ਰਿਸੋਰਸਿਜ਼ ਨਹੀਂ ਸਨ। ਸਾਡੇ ਕੋਲ ਤਾਂ ਚੌਕੀਦਾਰਾਂ ਨੂੰ ਅਤੇ ਪਟਵਾਰੀਆਂ ਨੂੰ ਤਨਖਾਹ ਦੇਣ ਲਈ ਪੈਸੇ ਨਹੀਂ ਹਨ। ਫੇਰ ਅਸੀਂ ਥੀਨ ਡੈਮ ਤੇ ਕਿਸ ਤਰ੍ਹਾਂ ਪੈਸਾ ਖਰਚ ਕਰ ਸਕਾਂਗੇ ਜਦ ਤਕ ਸੈਂਟਰ ਦੀ ਸਰਕਾਰ ਸਾਨੂੰ ਪੈਸਾ ਨਹੀਂ ਦੇਵੇਗੀ। ਕਾਂਗਰਸ ਦੀ ਸਰਕਾਰ ਸਾਨੂੰ 400 ਕਰੋੜ ਰੁਪਏ ਦੇ ਕਰੀਬ ਖਜ਼ਾਨੇ ਵਿਚ ਘਾਟਾ ਦੇ ਗਈ ਹੈ ਅਤੇ ਇਹ ਆਪ ਐਸ਼ਪ੍ਰਸਤੀਆਂ ਕਰਦੇ ਰਹੇ ਹਨ। ਸਾਡੇ ਸਮੇਂ ਦੇ 25 ਬੈਡਜ਼ ਹਸਪਤਾਲ ਹਾਲੇ ਵੀ ਬਣੇ ਹੋਏ ਹਨ ਅਤੇ ਇਸ ਨੂੰ ਇਨ੍ਹਾਂ ਨੇ ਅੱਗੇ ਨਹੀਂ ਵਧਾਇਆ ਹੈ। ਅਸੀਂ ਆਪਣੇ ਰਿਸੋਰਸਿਜ਼ ਬਣਾਉਣ ਲਈ ਲੋਕਾਂ ਤੇ ਟੈਕਸ ਲਗਾ ਨਹੀਂ ਸਕਦੇ। ਬਿਜਲੀ ਸਾਨੂੰ ਮਹਿੰਗੀ ਪੈਂਦੀ ਹੈ ਪਰ ਇਸ ਨੂੰ ਹੋਰ ਮਹਿੰਗਾ ਅਸੀਂ ਕਰ ਨਹੀਂ ਸਕਦੇ ਅਤੇ ਇਸੇ ਤਰ੍ਹਾਂ ਬੱਸਾਂ ਦੇ ਕਿਰਾਏ ਨੂੰ ਵਧਾ ਨਹੀਂ ਸਕਦੇ। ਅਗਰ ਕਰਦੇ ਹਾਂ ਤਾਂ ਲੋਕ ਸਾਡੇ ਨਾਲ ਨਰਾਜ਼ ਹੁੰਦੇ ਹਨ। ਸਾਡੇ ਵਾਸਤੇ ਇਹ ਪਰੇਸ਼ਾਨੀਆਂ ਪੈਦਾ ਕਰ ਗਏ ਹਨ। ਇਨ੍ਹਾਂ ਦੇ ਵਕਤ ਗੁੰਡਾਗਰਦੀ ਦਾ ਰਾਜ ਸੀ ਅਤੇ ਇਹ ਇਨ੍ਹਾਂ ਨੇ ਆਪ ਪੈਦਾ ਕੀਤੇ ਹੋਏ ਸਨ ਅਤੇ ਇਨ੍ਹਾਂ ਦੀ ਪਾਰਟੀ ਦਾ ਇਸ ਗੁੰਡਾਗਰਦੀ ਨੂੰ ਆਸਰਾ ਹੈ। ਪੰਜਾਬ ਵਿਚ ਅੱਤਵਾਦ ਲਈ ਇਹ ਕਾਂਗਰਸ ਦੀ ਸਰਕਾਰ ਹੀ ਜ਼ਿੰਮੇਵਾਰ ਹੈ। ਸਾਡੇ ਸੰਤ ਜੀ ਨੇ ਜਦੋਂ ਲਾਲਾ ਜਗਤ ਨਰਾਇਣ ਦਾ ਕਤਲ ਹੋਇਆ ਸੀ, ਉਦੋਂ ਹੀ ਨਿੰਦਾ ਕੀਤੀ ਸੀ ਅਤੇ ਇਹ ਮੰਗ ਕੀਤੀ ਸੀ ਕਿ ਇਸ ਦੀ ਇਨਕੁਆਇਰੀ ਕੀਤੀ ਜਾਵੇ। ਪੰਜਾਬ ਦੇ ਵਿਚ ਹਾਲੇ ਤੱਕ ਵਿਦੇਸ਼ੀ ਬਗੈਰ ਪਰਮਿਟ ਤੋਂ ਆ ਨਹੀਂ ਸਕਦੇ ਹਨ ਅਤੇ ਉਹ ਵਿਦੇਸ਼ੀ ਪੰਜਾਬ ਵਿਚ ਪੈਸਾ ਲਗਾਉਣਾ ਚਾਹੁੰਦੇ ਹਨ ਪਰ ਦਿੱਲੀ ਦੀ ਸਰਕਾਰ ਸਾਡੇ ਹਰ ਕੰਮ ਵਿਚ ਰੁਕਾਵਟਾਂ ਅਤੇ ਅੜਿਚਣਾਂ ਪੈਦਾ ਕਰਦੀ ਹੈ। ਸਾਡੀ ਸਰਕਾਰ ਕੋਲ ਪੈਸਾ ਖਜ਼ਾਨੇ ਵਿਚ ਹੈ ਨਹੀਂ ਹੈ, ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਤੁਸੀਂ ਉਹ ਕੰਮ ਕਰੋ ਜਿਸ ਦੇ ਵਿਚ ਸਰਕਾਰ ਦਾ ਕੋਈ ਪੈਸਾ ਨਾ ਲੱਗੇ। ਤੁਸੀਂ ਕੁਝ ਨਵੇਂ ਜ਼ਿਲ੍ਹੇ ਬਣਾ ਦਿਓ ਅਤੇ ਡਿਸਟ੍ਰਿਕਟਸ ਨੂੰ ਰੀਆਰਗੇਨਾਈਜ਼ ਕਰੋ ਅਤੇ ਇਸ ਦੇ ਵਿਚ ਸਰਕਾਰ ਦਾ ਕੋਈ ਪੈਸਾ ਖਰਚ ਨਹੀਂ ਆਉਣਾ ਹੈ । ਅਗਰ ਅਸੀਂ ਸੈਂਟਰ ਤੋਂ ਪੈਸਾ ਮੰਗਦੇ ਹਾਂ ਤਾਂ ਸਾਨੂੰ ਉਹ ਦਿੰਦੇ ਨਹੀਂ ਹਨ ਜਦ ਕਿ ਅਸੀਂ ਪੰਜਾਬ ਵਿਚੋਂ ਇਨਕਮ ਟੈਕਸ ਅਤੇ ਐਕਸਾਈਜ਼ ਡਿਊਟੀ ਦੇ ਵਿਚ ਦੂਜੀਆਂ ਸਟੇਟਾਂ ਨਾਲੋਂ ਜ਼ਿਆਦਾ ਹਿੱਸਾ ਪਾਉਂਦੇ ਹਾਂ ਪਰ ਸਾਨੂੰ ਸੈਂਟਰਲ ਪੂਲ ਦੇ ਵਿਚੋਂ ਪੈਸਾ ਮਿਲ ਨਹੀਂ ਰਿਹਾ ਹੈ। ਅਸੀਂ ਦਿੱਲੀ ਦੀ ਸਰਕਾਰ ਨਾਲ ਪਿਆਰ ਨਾਲ ਸਮਝੌਤਾ ਵੀ ਕਰ ਕੇ ਵੇਖ ਲਿਆ ਹੈ। ਜਿਹੜੀ ਮੈਥਿਊ ਕਮਿਸ਼ਨ ਦੇ ਵਿਚ ਗਲਤੀ ਹੋ ਗਈ ਸੀ, ਉਸ ਨੂੰ ਠੀਕ ਕਰਵਾਉਣ ਲਈ ਅਸੀਂ ਇਥੇ ਰੀ-ਨੋਟੀਫੀਕੇਸ਼ਨ ਦੀ ਮੰਗ ਕੀਤੀ ਹੈ। ਇਹ ਇਸ ਦੇ ਲਈ ਵੀ ਸਾਡੇ ਨਾਲ ਨਹੀਂ ਚੱਲੇ ਹਨ। ਸਾਡੀ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਦੇ ਸਮੇਂ ਦੋ ਕਾਰਪੋਰੇਸ਼ਨਾਂ ਬਣਾ ਕੇ ਗਏ ਸੀ। ਇਕ ਸ਼ੈਡਿਊਲਡ ਕਾਸਟ ਅਤੇ ਦੂਸਰੀ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਅਤੇ ਇਸ ਦੇ ਨਾਲ ਅਸੀਂ ਚਿਲਡਰਨ ਐਂਡ ਵੂਮਨ ਵੈਲਫੇਅਰ ਕਾਰਪੋਰੇਸ਼ਨ ਵੀ ਬਣਾ ਕੇ ਗਏ ਸੀ। ਸਾਡੀ ਸਰਕਾਰ ਨੇ ਇਸ ਸ਼ੈਡਿਊਲਡ ਕਾਸਟ ਕਾਰਪੋਰੇਸ਼ਨ ਦੇ ਲਈ 10 ਕਰੋੜ ਰੁਪਏ ਦਾ ਬਜਟ ਪਾਸ ਕੀਤਾ ਸੀ ਤਾਕਿ ਜਿਹੜੇ ਗਰੀਬ ਸ਼ੈਡਿਊਲਡ ਕਾਸਟ ਹਨ, ਉਨ੍ਹਾਂ ਨੂੰ ਬੈਂਕਾਂ ਵਾਲਿਆਂ ਤੋਂ ਪਰੇਸ਼ਾਨ ਨਾ ਹੋਣਾ ਪਵੇ ਅਤੇ ਕਾਰਪੋਰੇਸ਼ਨ ਤੋਂ ਸਿੱਧਾ ਪੈਸਾ ਮਿਲ ਸਕੇ ਪਰ ਕਾਂਗਰਸ ਦੀ ਸਰਕਾਰ ਨੇ ਇਸ ਦੇ ਲਈ ਕੋਈ ਪੈਸਾ ਨਹੀਂ ਦਿੱਤਾ। ਇਸ ਦੇ ਨਾਲ ਜਿਹੜੀ ਸਾਡੀ ਪਿੰਡਾਂ ਵਿਚ

[ਸਰਦਾਰ ਦਲੀਪ ਸਿੰਘ ਪਾਂਧੀ]

ਐਗਰੀਕਲਚਰਲ ਲੇਬਰ ਹੈ, ਉਸ ਨੂੰ ਪੂਰਾ ਸਾਲ ਕੰਮ ਨਹੀਂ ਮਿਲਦਾ ਹੈ ਜਿਸ ਕਰਕੇ ਉਹ ਸ਼ਹਿਰਾਂ ਵੱਲ ਭੱਜਦੀ ਹੈ ਅਤੇ ਬਹੁਤ ਸਾਰੀ ਲੇਬਰ ਬਾਹਰੋਂ ਪੰਜਾਬ ਵਿਚ ਮਾਈਗਰੇਟ ਹੋ ਕੇ ਆ ਰਹੀ ਹੈ। ਸਰਕਾਰ ਨੂੰ ਪੰਜਾਬ ਦੇ ਵਿਚ ਐਗਰੋ ਬੇਸਡ ਇੰਡਸਟਰੀ ਲਗਾਉਣੀ ਚਾਹੀਦੀ ਹੈ ਤਾਂਕਿ ਲੇਬਰ ਨੂੰ ਲਗਾਤਾਰ ਕੰਮ ਮਿਲ ਸਕੇ ਔਰ ਪੰਜਾਬ ਦੇ ਕਿਸਾਨਾਂ ਦੀ ਜਿਣਸ-ਜੀਰੀ ਅਤੇ ਕਣਕ ਨੂੰ ਮੰਡੀਆਂ ਵਿਚੋਂ ਚੁੱਕਿਆ ਨਹੀਂ ਜਾ ਰਿਹਾ ਹੈ। ਇਸ ਕਿਸਮ ਦੀਆਂ ਬੇਇਨਸਾਫੀਆਂ ਭਾਰਤ ਸਰਕਾਰ ਸਾਡੇ ਨਾਲ ਕਰ ਰਹੀ ਹੈ। ਹੁਣ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਸਾਡੀ ਸਰਕਾਰ ਨੂੰ ਇਹ ਸੋਚਣ ਲਈ ਮਜ਼ਬੂਰ ਹੋਣਾ ਪਵੇਗਾ ਕਿ ਕਿਸ ਤਰੀਕੇ ਨਾਲ ਅਸੀਂ ਆਪਣੀ ਫਸਲ ਨੂੰ ਕਮਰ-ਸ਼ੀਅਲਾਈਜ਼ ਕਰ ਸਕੀਏ ਤਾਂਕਿ ਕਿਸਾਨਾਂ ਨੂੰ ਜ਼ਿਆਦਾ ਫਾਇਦਾ ਹੋ ਸਕੇ ਅਤੇ ਜਿਹੜੀ ਹੁਣ ਦੀ ਫਸਲ ਹੈ, ਜਿਵੇਂ ਕਿ ਗੰਨਾ, ਜੀਰੀ, ਕਣਕ ਦੇ ਵਿਚੋਂ ਕਿਸਾਨ ਨੂੰ ਕੋਈ ਖਾਸ ਫਾਇਦਾ ਨਹੀਂ ਹੁੰਦਾ ਹੈ ਅਤੇ ਇਸ ਦਾ ਕਾਰਣ ਇਹ ਹੈ ਕਿ ਪੈਟਰੋਲ, ਡੀਜ਼ਲ ਦੇ ਅਤੇ ਖਾਦਾਂ ਦੇ ਭਾਅ ਕਾਫੀ ਮਹਿੰਗੇ ਹੋ ਗਏ ਹਨ ਅਤੇ ਇਸ ਦੀ ਪਰੋਫਿਟ ਆਊਟ ਪੁੱਟ ਘੱਟ ਹੋ ਰਹੀ ਹੈ। ਸਾਨੂੰ ਪੰਜਾਬ ਦੀ ਧਰਤੀ ਉਤੇ ਹੋਰ ਕਿਸੇ ਕਿਸਮ ਦੀਆਂ ਫਸਲਾਂ ਪੈਦਾ ਕਰਨੀਆਂ ਪੈਣਗੀਆਂ ਕਿਉਂਕਿ ਮਸ਼ੀਨਰੀ ਇੰਪਲੀਮੈਂਟਸ ਕਾਫੀ ਹਦ ਤੱਕ ਮਹਿੰਗੇ ਹੋ ਗਏ ਹਨ। ਬਿਜਲੀ ਮਹਿੰਗੀ ਹੋ ਗਈ ਹੈ। ਪਾਣੀ ਮਹਿੰਗਾ ਹੈ। ਜਿਹੜੇ ਸਾਡੇ ਪੰਜਾਬ ਦੇ ਦਿੱਲੀ ਦੀ ਸਰਕਾਰ ਵਿਚ ਨੁਮਾਇੰਦੇ ਬੈਠੇ ਹਨ, ਉਹ ਪੰਜਾਬ ਦੇ ਕਿਸਾਨਾਂ ਦੀ ਖਾਤਰ ਕੁਝ ਬੋਲਦੇ ਨਹੀਂ ਹਨ ਅਤੇ ਉਨਾਂ ਨੂੰ ਡਰ ਹੈ ਕਿ ਅਗਰ ਅਸੀਂ ਬੋਲੇ ਤਾਂ ਸਾਡੀਆਂ ਕੁਰਸੀਆਂ ਖਤਰੇ ਵਿਚ ਹਨ। (ਵਿਘਨ) ਸਾਡੀ ਸਰਕਾਰ ਕੋਲ ਚੌਕੀਦਾਰਾਂ/ਪਟਵਾਰੀਆਂ ਨੂੰ ਤਨਖਾਹਾਂ ਦੇਣ ਲਈ ਪੈਸਾ ਨਹੀਂ ਹੈ, ਸਰਕਾਰ ਨੂੰ ਪਿੰਡਾਂ ਵਿਚ ਸੜਕਾਂ ਅਤੇ ਗਲੀਆਂ, ਨਾਲੀਆਂ ਨੂੰ ਪੱਕਾ ਕਰ ਦੇਣਾ ਚਾਹੀਦਾ ਹੈ ਅਤੇ ਜਿਹੜੀਆਂ ਪਿੰਡਾਂ ਵਿਚ ਸ਼ੈਡਿਊਲਡ ਕਾਸਟਸ ਲਈ ਜ਼ਮੀਨਾਂ ਪਈਆਂ ਹਨ, ਉਹ ਇਨ੍ਹਾਂ ਦੇ ਵਿਚ ਵੰਡ ਦੇਣੀਆਂ ਚਾਹੀਦੀਆਂ ਹਨ ਅਤੇ ਪਿੰਡਾਂ ਵਿਚ ਟੋਆਇਲੈਟ ਸਰਕਾਰ ਵਲੋਂ ਬਣਾ ਕੇ ਦੇਣੇ ਚਾਹੀਦੇ ਹਨ। ਚੇਅਰਮੈਨ ਸਾਹਿਬ, ਤੁਹਾਡੀ ਸਵਰਗਵਾਸੀ ਪਤਨੀ ਸਾਡੇ ਨਾਲ ਜ਼ਿਲ੍ਹਾ ਗ੍ਰੀਵੈਂਸਿਜ਼ ਕਮੇਟੀ ਦੇ ਵਿਚ ਆਉਂਦੇ ਰਹੇ ਹਨ ਅਤੇ ਉਨ੍ਹਾਂ ਨੇ ਮੀਟਿੰਗਾਂ ਦੇ ਵਿਚ ਕਾਫੀ ਹਿੱਸਾ ਪਾਇਆ ਸੀ ਅਤੇ ਉਨ੍ਹਾਂ ਨੇ ਤਹਿਸੀਲਦਾਰ ਅਤੇ ਤਹਿਸੀਲ ਵੈਲਫੇਅਰ ਅਫਸਰ ਦੇ ਖਿਲਾਫ ਕਿਹਾ ਸੀ ਕਿ ਉਨ੍ਹਾਂ ਨੇ ਸ਼ੈਡਿਊਲਡ ਕਾਸਟ ਲੋਕਾਂ ਨੂੰ ਰੂੜੀਆਂ ਦੇਣ ਲਈ ਜ਼ਮੀਨ ਘਨੌਰ ਥਾਣੇ ਵਿਚ ਬੇਮਾਲਕ ਦੀ ਵੇਚ ਕੇ ਰਜਿਸਟਰੀ ਕਰ ਦਿੱਤੀ ਜਦੋਂ ਕਿ ਵੇਚਕਾਰ ਮਾਲਕ ਹੀ ਨਹੀਂ ਸੀ। ਉਹ ਸਰਕਾਰ ਕੋਲੋਂ ਇਸ ਦੀ ਇਨਕੁਆਇਰੀ ਵਾਸਤੇ ਮੰਗ ਕਰਦੇ ਰਹੇ ਹਨ ਪਰ ਇਸ ਕਾਂਗਰਸ ਦੀ ਸਰਕਾਰ ਨੇ ਸਾਡੀ ਇਕ ਵੀ ਨਾ ਸੁਣੀ। ਅਸੀਂ ਇੱਥੋਂ ਤੱਕ ਕਿਹਾ ਸੀ ਕਿ ਸਰਕਾਰ ਇਨ੍ਹਾਂ ਦੇ ਖਿਲਾਫ ਫਰਾਡ ਦਾ ਕੇਸ ਦਰਜ ਕਰੇ। ਇਸ ਦੀ ਪੜਤਾਲ ਐਸ. ਡੀ. ਐਮ. ਰਾਜਪੁਰਾ ਨੇ ਕੀਤੀ ਹੈ ਤੇ ਵਿਭਾਗੀ ਕਾਰਵਾਈ ਲਈ ਕੇਸ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ। ਸਾਡੀ ਸਰਕਾਰ ਨੂੰ ਰਿਜ਼ਰਵੇਸ਼ਨ ਐਕਟ ਬਣਾਉਣਾ ਚਾਹੀਦਾ ਹੈ। (ਪ੍ਰੋਫੈਸਰ ਦਰਬਾਰੀ ਲਾਲ, ਜੋ ਪੁਆਇੰਟ ਆਫ ਆਰਡਰ ਲਈ ਖੜ੍ਹੇ ਸਨ, ਵਲੋਂ ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਬਿਠਾ ਦਿਓ ਨਹੀਂ ਤਾਂ ਮੈਨੂੰ ਇਹ ਵੀ ਦੱਸਣਾ ਪਵੇਗਾ ਕਿ ਜਦ ਇਹ ਸੀਵਰੇਜ ਬੋਰਡ ਦੇ ਚੇਅਰਮੈਨ ਸਨ, ਉਥੇ ਕੀ ਕੁਝ ਹੁੰਦਾ ਰਿਹਾ ਹੈ।

ਹੁਣ ਮੈਂ ਐਜੂਕੇਸ਼ਨ ਦੀ ਅਤੇ ਹਾਈ ਸਕੂਲ [ਦੇ ਮੰਗ ਬਾਰੇ ਗੱਲ ਕਰਦਾ ਹਾਂ। ਪ੍ਰਾਇਮਰੀ ਅਤੇ ਹਾਈ ਸਕੂਲ ਦੇ ਡਾਇਰੈਕਟੋਰੇਟ ਨੂੰ ਅਲਹਿਦਾ ਅਲਹਿਦਾ ਕੀਤਾ ਗਿਆ ਸੀ ਅਤੇ ਇਹ ਵੀ ਕਿਹਾ ਗਿਆ ਸੀ ਕਿ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਅਤੇ ਹਾਈ ਸਕੂਲਾਂ ਦੇ ਡਾਇਰੈਕਟੋਰੇਟ ਵਾਲੇ ਚੈੱਕ ਕਰਿਆ ਕਰਨਗੇ।

ਚੇਅਰਮੈਨ ਸਾਹਿਬ, 3 ਜੂਨ, 1984 ਨੂੰ ਕਰਫਿਊ ਲਗਾ ਕੇ ਪੰਜਾਬ ਮਿਲਟਰੀ ਦੇ ਹਵਾਲੇ ਕਰ ਦਿੱਤਾ। ਬੱਸ ਸਰਵਿਸ ਸਸਪੈਂਡ ਕਰ ਦਿੱਤੀ ਗਈ। ਇੱਕ ਟੀਚਰ ਪ੍ਰੇਮ ਸਿੰਘ ਨਿਨਹੇੜੀ ਬਲਾਕ, ਚੇਅਰਮੈਨ ਸਾਹਿਬ, ਭੇਡਰਹੈੜੀ ਨੂੰ ਜਾ ਰਿਹਾ ਸੀ। ਉਹ ਰਾਤ ਕੱਟਣ ਲਈ ਗੁਰਦੁਆਰਾ ਦੂਖ ਨਿਵਾਰਣ ਪਟਿਆਲਾ ਆਇਆ। ਉਹ ਟੀਚਰ ਬਿਲਕੁਲ ਬੇਗੁਨਾਹ ਸੀ। ਉਸ ਨੂੰ ਗ੍ਰਿਫਤਾਰ ਕਰਕੇ ਧਾਰਾ 107/51 ਸੀ.ਆਰ.ਪੀ.ਸੀ., ਅਧੀਨ ਪਟਿਆਲਾ ਜੇਲ੍ਹ ਵਿਚ ਸੁਟ ਦਿੱਤਾ। ਉਸ ਟੀਚਰ ਨੂੰ ਜੇਲ੍ਹ ਸਮੇਂ ਦੀ ਤਨਖਾਹ ਨਹੀਂ ਮਿਲੀ। ਸੈਂਕੜੇ ਬੇਗੁਨਾਹ ਲੋਕਾਂ ਤੇ ਤਸ਼ੱਦਦ ਹੋਏ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਗੱਲ ਦੀ ਪੜਤਾਲ ਕਰਵਾ ਲੈਣ। ਚੇਅਰਮੈਨ ਸਾਹਿਬ, ਗੋਬਿੰਦਗੜ੍ਹ ਇੰਡਸਟਰੀਅਲ ਟਾਊਨ ਹੈ, ਉਥੇ ਸੀਵਰੇਜ ਦਾ ਬੁਰਾ ਹਾਲ ਹੈ। ਮੈਂ ਇਸ ਬਾਰੇ ਪਹਿਲਾਂ ਚਿੱਠੀਆਂ ਵੀ ਲਿਖੀਆਂ ਪਰ ਉਨ੍ਹਾਂ ਦਾ ਜਵਾਬ ਨਹੀਂ ਦਿੱਤਾ ਗਿਆ। ਮੈਂ ਭਾਵੇਂ ਕਿਸੇ ਪਾਰਟੀ ਦਾ ਮੈਂਬਰ ਸਾਂ। ਸਰਕਾਰ ਦੀਆਂ ਇਨਸਟਰੱਕਸ਼ਨਾਂ ਹਨ ਕਿ ਮਨਿਸਟਰ ਸਾਹਿਬ ਅਤੇ ਅਫਸਰ ਚਿੱਠੀਆਂ ਦਾ ਜਵਾਬ ਦੇਣ ਅਤੇ ਚਿੱਠੀ ਐਕਨਾਲਿਜ ਕਰੇ। ਸਾਡੀਆਂ ਚਿੱਠੀਆਂ ਦਾ ਜਵਾਬ ਦੇਣ ਲਈ ਅਫਸਰਾਂ ਕੋਲ ਟਾਈਮ ਹੀ ਨਹੀਂ ਹੈ। ਅਫਸਰ ਚਮਚਾਗਿਰੀ ਕਰਨ ਵਿਚ ਲੱਗੇ ਰਹਿੰਦੇ ਹਨ। ਚੇਅਰਮੈਨ ਸਾਹਿਬ, ਪਿਛਲੇ ਮਹੀਨੇ 'ਇੰਡੀਅਨ ਐਕਸਪ੍ਰੈਸ' ਵਿਚ ਆਇਆ ਹੈ ਕਿ ਇਕ ਵੱਡੇ ਅਫਸਰ ਨੇ ਲੇਡੀ ਅਫਸਰ ਨੂੰ ਟੀਜ਼ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਉਸ ਅਫਸਰ ਸਾਹਿਬਾ ਨੂੰ ਡੀ.ਸੀ. ਲਗਾ ਦਿੱਤਾ। ਇਹ ਸਾਡੇ ਆਈ.ਏ.ਐਸ. ਅਫਸਰਾਂ ਦਾ ਹਾਲ ਹੈ। (ਹਾਸਾ) ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਨੂੰ ਵੀ ਸੁਧਾਰਿਆ ਜਾਵੇ। ਉਸ ਦੇ ਫੰਕਸ਼ਨਜ਼ ਠੀਕ ਨਹੀਂ ਹਨ। ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਮਿਸਲੀਡ ਕਰਦਾ ਹੈ, ਗਲਤ ਗੱਲਾਂ ਕਰਦਾ ਹੈ। ਬਾਹਰਲੇ ਮੁਲਕਾਂ ਵਿਚ ਦਿੱਲੀ ਦੀ ਸਰਕਾਰ ਨੇ ਜੋ ਲੋਕ ਪੰਜਾਬੀ ਉਥੇ ਬੈਠੇ ਸਨ, ਧੱਕਾ ਕੀਤਾ ਹੈ। ਪੰਜਾਬ ਦੀ ਜਨਤਾ ਨਾਲ ਉਨ੍ਹਾਂ ਦਾ ਕੋਈ ਸੰਪਰਕ ਨਹੀਂ ਹੋਣ ਦਿੱਤਾ। ਉਨ੍ਹਾਂ ਦੀਆਂ ਚਿੱਠੀਆਂ ਨੂੰ ਰੋਕ ਦਿੱਤਾ। ਟੈਲੀਫੂਨ ਤੇ ਸੈਂਸਰ ਕਰ ਦਿੱਤਾ ਗਿਆ। ਦਿੱਲੀ ਦੀ ਸਰਕਾਰ ਨੇ ਪੰਜਾਬ ਵਿਚ ਅੱਗਾਂ ਲਗਾਈਆਂ ਔਰ ਬੇਕਸੂਰ ਲੋਕਾਂ ਤੇ ਜ਼ੁਲਮ ਕੀਤੇ, ਕਈ ਫਾਂਸੀ ਤੇ ਚੜ੍ਹਾ ਦਿੱਤੇ। ਇਸ ਬਾਰੇ ਪੰਜਾਬ ਸਰਕਾਰ ਨੂੰ ਇਕ ਵ੍ਹਾਈਟ ਪੇਪਰ ਛਪਾਉਣਾ ਚਾਹੀਦਾ ਹੈ। (ਘੰਟੀ)

Mr. Chairman : Please take your seat.

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਬੱਸ ਮੈਂ ਇੱਕ ਗੱਲ ਕਰਨੀ ਹੈ। ਜਿਹੜਾ ਸਾਡਾ ਡਾਇਰੈਕਟਰ ਸ਼ਡਿਊਲਡ ਕਾਸਟਸ ਹੈ, ਉਹ ਆਪਣੇ ਦਫ਼ਤਰ ਵਿਚ ਨਹੀਂ ਬੈਠਦਾ। ਸਾਡੀਆਂ ਚਿੱਠੀਆਂ ਦਾ ਜਵਾਬ ਤਕ ਨਹੀਂ ਦਿੰਦਾ। ਮੈਂ ਇਕ ਰਜਿਸਟਰਡ ਲੈਟਰ ਲਿਖਿਆ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਕਾਪੀ ਨਾਲ ਲਗਾਈ ਸੀ। ਭਾਵੇਂ ਕੋਈ, ਚੇਅਰਮੈਨ ਸਾਹਿਬ, ਆਪੋਜ਼ੀਸ਼ਨ ਦਾ ਮੈਂਬਰ ਹੋਵੇ ਜਾਂ ਰੂਲਿੰਗ ਪਾਰਟੀ ਦਾ ਮੈਂਬਰ ਹੋਵੇ, ਉਹ ਸਦਨ ਦਾ ਮੈਂਬਰ ਤਾਂ ਹੈ। ਇਸ ਬਾਰੇ ਮੈਂ ਗਵਰਨਰ ਸਾਹਿਬ ਨੂੰ ਚਿੱਠੀ ਲਿਖੀ ਅਤੇ ਸੀ.ਐਮ. ਸਾਹਿਬ ਨੂੰ ਵੀ ਚਿੱਠੀ ਲਿਖੀ ਪਰ ਉਸ ਡਾਇਰੈਕਟਰ ਨੇ ਮੇਰੀ ਚਿੱਠੀ ਦਾ ਜਵਾਬ ਤੱਕ ਨਹੀਂ ਦਿੱਤਾ। ਕਿਸੇ ਅਫਸਰ ਨੂੰ ਵੀ ਇਹ ਅਧਿਕਾਰ ਨਹੀਂ ਕਿ ਉਹ ਚਿੱਠੀ ਦਾ, ਜੋ ਮੈਂਬਰ ਵਲੋਂ ਲਿਖੀ ਗਈ ਹੈ, ਜਵਾਬ ਤਕ ਨਾ ਦੇਵੇ। ਬੇਸ਼ਕ ਚੇਅਰਮੈਨ ਸਾਹਿਬ, ਇਸ ਗੱਲ ਦੀ ਇਨਕੁਆਇਰੀ ਕਰਾ ਲਓ। ਇਹ ਉਹ ਅਫਸਰ ਹਨ ਜਿਨ੍ਹਾਂ ਨੇ ਸਾਡੇ ਗਰੀਬ ਲੋਕਾਂ ਦਾ ਭਲਾ ਕਰਨਾ ਹੈ। ਇਹ ਜਿਹੜੀਆਂ ਡਿਮਾਂਡਜ਼ ਹਾਊਸ ਵਿਚ ਪੇਸ਼ ਕੀਤੀਆਂ ਹਨ, ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ। (ਘੰਟੀ)

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ) : ਚੇਅਰਮੈਨ ਸਾਹਿਬ, ਮੈਂ ਸਪਲੀਮੈਂਟਰੀ ਐਸਟੀਮੇਟਸ (ਫਸਟ ਇਨਸਟਾਲਮੈਂਟ) 'ਦੀ ਡਿਮਾਂਡ ਨੰ: 5 ਉਤੇ ਪਹਿਲਾਂ ਆਪਣੀ ਅਰਜ਼ ਸ਼ੁਰੂ ਕਰਨ ਲੱਗਾ

[ਸਰਦਾਰ ਬਲਦੇਵ ਸਿੰਘ ਮਾਨ]

ਹਾਂ ਜਿਹੜੀ ਕਿ 27,47,30,000/- ਰੁਪਏ ਦੀ ਹੈ। ਇਹ ਡਿਮਾਂਡ ਪੰਜਾਬ ਦੇ ਉਨ੍ਹਾਂ ਬਹਾਦਰ ਕਿਸਾਨਾਂ ਵਾਸਤੇ ਹੈ ਜਿਨ੍ਹਾਂ ਨੇ ਦੇਸ਼ ਨੂੰ, ਚੇਅਰਮੈਨ ਸਾਹਿਬ, ਭੁੱਖਮਰੀ ਤੋਂ ਬਚਾਇਆ ਹੈ। ਫਸਲਾਂ ਬਰਬਾਦ ਹੋਣ ਕਾਰਨ ਇਹ ਕੰਪੈਨਸੇਸ਼ਨ ਉਨ੍ਹਾਂ ਕਿਸਾਨਾਂ ਨੂੰ ਦਿੱਤਾ ਗਿਆ ਸੀ। ਇਹ ਵਾਧੂ ਖਰਚਾ ਜੋ ਜ਼ਰੂਰੀ ਸੀ, ਦੇਣਾ ਪਿਆ ਹੈ। ਮੈਨੂੰ ਇੱਕ ਗੱਲ ਦਾ ਦੁੱਖ ਵੀ ਆਉਂਦਾ ਹੈ, ਜਦੋਂ ਕਾਂਗਰਸੀ ਭਰਾ ਇਧਰੋਂ ਉਠ ਕੇ ਉਧਰ ਚਲੇ ਜਾਂਦੇ ਹਨ ਤਾਂ ਇਨ੍ਹਾਂ ਨੂੰ ਕਿਸਾਨਾਂ ਦੇ ਭਲੇ ਦੀ ਗੱਲ ਯਾਦ ਆਉਂਦੀ ਹੈ। ਚੇਅਰਮੈਨ ਸਾਹਿਬ, ਮੈਂ ਪਹਿਲਾਂ ਕਰਾਪ ਇਨਸ਼ੋਰੈਂਸ ਸਕੀਮ ਦੀ ਗੱਲ ਕੀਤੀ ਸੀ ਤਾਂ ਡਾਕਟਰ ਸਾਹਿਬ ਨੇ ਕਿਹਾ ਸੀ ਕਿ ਸਰਕਾਰ ਇਹ ਚੀਜ਼ ਨਹੀਂ ਕਰ ਸਕਦੀ। ਹੁਣ ਕਹਿੰਦੇ ਹਨ ਕਿ ਕਰਾਪ ਇਨਸ਼ੋਰੈਂਸ ਸਕੀਮ ਹੋਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ, ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਸਰਕਾਰ ਜੋ ਕਿ ਪੰਜਾਬ ਦੇ ਕਿਸਾਨਾਂ ਦੀ ਸਰਕਾਰ ਹੈ ਅਤੇ ਪੰਜਾਬ ਦੇ ਮਜ਼ਦੂਰਾਂ ਦੀ ਸਰਕਾਰ ਹੈ, ਇਹ ਸਰਕਾਰ ਹਰ ਵਰਗ ਦੇ ਲੋਕਾਂ ਦੀ ਭਲਾਈ ਵਾਸਤੇ ਕੰਮ ਕਰੇਗੀ (ਥੰਪਿੰਗ) । ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੇ ਕੰਮ ਲਈ ਇਕ ਰਿਵੋਲ-ਵਿੰਗ ਫੰਡ ਬਣਨਾ ਚਾਹੀਦਾ ਹੈ, ਜੇਕਰ ਪੈਸਾ ਨਾ ਹੋਵੇ ਤਾਂ ਰਿਵੋਲਵਿੰਗ ਫੰਡ ਵਿਚੋਂ ਵਰਤਿਆ ਜਾ ਸਕਦਾ ਹੈ। ਸਰਕਾਰ ਦੇ ਖਜ਼ਾਨੇ ਤੇ ਇਸ ਤਰ੍ਹਾਂ ਦਾ ਬੋਝ ਨਾ ਪਵੇ। ਚੇਅਰਮੈਨ ਸਾਹਿਬ, ਪੁਰਾਣੇ ਸਮੇਂ ਤੋਂ ਜੋ ਅਸੀਂ ਪੈਸਾ ਕਿਸਾਨਾਂ ਨੂੰ ਦੇ ਰਹੇ ਹਾਂ, ਇਹ ਬਹੁਤ ਥੋੜ੍ਹਾ ਹੈ। ਅੱਜ ਕੱਲ੍ਹ ਕਿਸਾਨਾਂ ਨੂੰ ਜ਼ਮੀਨ ਦਾ ਠੇਕਾ ਨਹੀਂ ਮਿਲਦਾ। ਜੋ ਅਸੀਂ ਪਰ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਦਿੰਦੇ ਹਾਂ, ਉਹ ਵਧਾਉਣਾ ਚਾਹੀਦਾ ਹੈ। ਇਸ ਤੋਂ ਅੱਗੇ ਚੇਅਰਮੈਨ ਸਾਹਿਬ, ਮੈਂ ਡਿਮਾਂਡ ਨੰ: 10 ਦਾ ਜ਼ਿਕਰ ਕਰਨ ਲੱਗਾ ਹਾਂ ਜੋ ਕਿ 3,45,00,000/- ਰੁਪਏ ਦੀ ਹੈ। ਇਹ ਡਿਮਾਂਡ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਰਾਜੀਵ ਗਾਂਧੀ ਜੀ ਦੇ ਸਮਝੌਤੇ ਦਾ ਇਕ ਹਿੱਸਾ ਹੈ ਜਿਸ ਵਿਚ ਕਿਹਾ ਗਿਆ ਸੀ ਕਿ 1 ਅਗਸਤ, 1982 ਤੋਂ ਬਾਅਦ ਪੰਜਾਬ ਵਿਚ ਐਜੀਟੇਸ਼ਨ ਦੇ ਦੌਰਾਨ ਮਰਨ ਵਾਲੇ ਲੋਕਾਂ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਚੇਅਰਮੈਨ ਸਾਹਿਬ, ਸਾਹਮਣੇ ਬੈਠੇ ਵੀਰ ਇੱਕ ਪਾਸੇ ਤਾਂ ਉਸ ਸਮਝੌਤੇ ਦੀ ਪਾਲਣਾ ਲਈ ਆਵਾਜ਼ ਉਠਾਉਂਦੇ ਹਨ, ਦੂਜੇ ਪਾਸੇ ਡਾਕਟਰ ਸਾਹਿਬ ਅਤੇ ਹੋਰ ਇਨ੍ਹਾਂ ਦੇ ਸਾਥੀ ਪਸਚਾਤਾਪ ਕਰ ਰਹੇ ਹਨ। ਕਿਉਂਕਿ ਮੁੜ ਕੇ ਇਨ੍ਹਾਂ ਨੇ ਇਧਰ ਨਹੀਂ ਆਉਣਾ। ਇਹ, ਚੇਅਰਮੈਨ ਸਾਹਿਬ, ਇਧਰ ਬੈਂਚਾਂ ਤੇ ਨਹੀਂ ਆ ਸਕਦੇ ਕਿਉਂਕਿ ਇਨ੍ਹਾਂ ਕਾਂਗਰਸੀਆਂ ਨੇ ਪੰਜਾਬ ਦੇ ਨੌਜਵਾਨਾਂ ਨਾਲ, ਪੰਜਾਬ ਦੇ ਬੇਕਸੂਰ ਲੋਕਾਂ ਨਾਲ ਅਤਿਆਚਾਰ ਕੀਤੇ ਹਨ। ਇਹ ਹੁਣ ਤਾਂ 32 ਆ ਗਏ ਹਨ ਪਰ ਅਗੇ ਤੋਂ ਇਨ੍ਹਾਂ ਵਿਚੋਂ ਜ਼ੀਰੋ ਹੋਣਗੇ। ਇਹ ਇਥੇ ਨਹੀਂ ਆ ਸਕਣਗੇ। ਇਹ ਡਿਮਾਂਡ ਉਨ੍ਹਾਂ ਲੋਕਾਂ ਵਾਸਤੇ ਹੈ, ਜਿਨ੍ਹਾਂ ਨੇ ਪੰਜਾਬ ਦੇ ਹਿਤਾਂ ਵਾਸਤੇ ਖੂਨ ਡੋਲ੍ਹਿਆ ਹੈ । ਜਿਹੜੇ ਲੋਕ ਅੱਤਵਾਦ ਦੇ ਸ਼ਿਕਾਰ ਹੋਏ ਹਨ, ਉਨ੍ਹਾਂ ਦੇ ਜ਼ਿੰਮੇਵਾਰ ਕੌਣ ਹਨ ? ਚੇਅਰਮੈਨ ਸਾਹਿਬ, ਜਦ 26 ਮਾਰਚ, 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦਿੱਲੀ ਗਏ ਸਨ ਅਤੇ ਉਨ੍ਹਾਂ ਨੇ ਉਥੇ ਕਿਹਾ ਸੀ ਕਿ ਅੱਤਵਾਦ ਅਤੇ ਵੱਖਵਾਦ ਦੀਆਂ ਸਾਰੀਆਂ ਘਟਨਾਵਾਂ ਦੀ ਇਨਕੁਆਇਰੀ ਇਕ ਸੁਪਰੀਮ ਕੋਰਟ ਦੇ ਜੱਜ ਕੋਲੋਂ ਕਰਵਾਈ ਜਾਵੇ, ਜੇਕਰ ਕੋਈ ਅਕਾਲੀ ਦੱਲ ਦਾ ਆਦਮੀ ਜ਼ਿੰਮੇਵਾਰ ਹੋਵੇ ਤਾਂ ਸਭ ਤੋਂ ਪਹਿਲਾਂ ਉਸ ਲਈ ਗੋਲੀ ਮੈਨੂੰ ਮਾਰੀ ਜਾਵੇ ਪਰ ਜੇਕਰ ਕਾਂਗਰਸੀ ਜ਼ਿੰਮੇਵਾਰ ਹੋਣ ਤਾਂ ਉਨ੍ਹਾਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। (ਥੰਪਿੰਗ) ਚੇਅਰਮੈਨ ਸਾਹਿਬ, ਇਹ ਫਿਰ ਨੰਗੇ ਕਰ ਦਿੱਤੇ । ਹੋਰਾਂ ਦਾ ਪਤਾ ਨਹੀਂ, ਗੁਰਿੰਦਰ ਸਿੰਘ ਵਰਗੇ ਅੱਤਵਾਦੀ ਇਨ੍ਹਾਂ ਦੇ ਘਰਾਂ ਵਿਚੋਂ ਨਿਕਲੇ। ਇਨ੍ਹਾਂ ਦੀ ਸਰਕਾਰ ਵੇਲੇ ਇਹ ਗੱਲ ਵੀ ਮੰਨੀ ਗਈ ਕਿ 100 ਬੰਦਿਆਂ ਦਾ ਗਿਰੋਹ ਗੁਰਿੰਦਰ ਸਿੰਘ ਦਾ ਸੀ ਜਿਨ੍ਹਾਂ ਵਿਚੋਂ 55 ਤਾਂ ਫੜ ਲਏ ਗਏ ਅਤੇ 45 ਨੂੰ ਭਗੌੜੇ ਕਹਿ ਦਿੱਤਾ ਗਿਆ। ਇਨ੍ਹਾਂ ਬਾਰੇ ਅਖਬਾਰਾਂ ਵਿੱਚ ਵੀ ਖਬਰਾਂ ਆਈਆਂ। ਚੇਅਰਮੈਨ

ਸਾਹਿਬ, ਅੱਤਵਾਦ ਇਨ੍ਹਾਂ ਦੇ ਘਰਾਂ ਵਿੱਚ ਸੀ। ਜੇ ਹੁਣ ਉਨ੍ਹਾਂ ਪੰਜਾਬ ਦੇ ਸਤਾਏ ਹੋਏ ਲੋਕਾਂ ਵਾਸਤੇ ਪੰਜਾਬ ਦੀ ਸਰਕਾਰ ਨੇ ਰਕਮ ਰੱਖੀ ਹੈ, ਉਨ੍ਹਾਂ ਦੇ ਜ਼ਖਮਾਂ ਤੇ ਮਲ੍ਹਮ ਲਾਉਣ ਦਾ ਯਤਨ ਕੀਤਾ ਹੈ, ਉਨ੍ਹਾਂ ਦੇ ਪਰਿਵਾਰਾਂ ਨੂੰ ਢਾਰਸ ਦੇਣ ਲਈ ਰਖੀ ਹੈ ਜਿਹੜੇ ਪਿਛਲੀ ਸਰਕਾਰ ਦੇ ਜ਼ੁਲਮ ਦਾ ਸ਼ਿਕਾਰ ਹੋਏ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਇਕ ਪਾਸੇ ਤਾਂ ਇਹ ਸਮਝੌਤੇ ਦੀ ਹਮਾਇਤ ਕਰਨ ਦੀ ਗੱਲ ਕਰਦੇ ਹਨ, ਪੰਜਾਬ ਦੇ ਲੋਕਾਂ ਦੇ ਜ਼ਖਮਾਂ ਤੇ ਮਲ੍ਹਮ ਲਾਉਣ ਦੀ ਗੱਲ ਕਰਦੇ ਹਨ ਅਤੇ ਦੂਜੇ ਪਾਸੇ ਜੇ ਅਸੀਂ ਕੁਝ ਕਰਨ ਲੱਗੇ ਹਾਂ ਤਾਂ ਉਸ ਦੀ ਵਿਰੋਧਤਾ ਕਰਦੇ ਹਨ।

ਚੇਅਰਮੈਨ ਸਾਹਿਬ, ਡਿਮਾਂਡ ਨੰਬਰ 20 ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੜਾ ਪੁਰਾਣਾ ਮਸਲਾ ਸੀ ਜਿਹੜਾ ਇਨ੍ਹਾਂ ਦੀ ਸਰਕਾਰ ਦੇ ਸਮੇਂ ਸ਼ੁਰੂ ਹੋਇਆ, ਜਦੋਂ 1972 ਵਿੱਚ ਏਥੇ ਕਾਂਗਰਸ ਪਾਰਟੀ ਦੀ ਸਰਕਾਰ ਆਈ ਸੀ। ਇਹ ਕਾਂਗਰਸ ਸਰਕਾਰ ਹਮੇਸ਼ਾ ਲੋਕਾਂ ਦਾ ਖੂਨ ਪੀਣਾ ਹੀ ਜਾਣਦੀ ਹੈ, ਉਨ੍ਹਾਂ ਦੇ ਜ਼ਖਮਾਂ ਤੇ ਮਲ੍ਹਮ ਲਾਣਾ ਨਹੀਂ ਜਾਣਦੀ। ਇਹ ਗੱਲ ਅਸੀਂ ਸਾਰੇ ਮੰਨਦੇ ਹਾਂ ਕਿ ਬੱਚੇ ਦੇਸ਼ ਦੀ ਪਨੀਰੀ ਹਨ, ਉਹ ਬੱਚੇ ਸਿਨਮੇ ਵਿੱਚ ਮਾਰੇ ਗਏ ਜਿਹੜਾ ਇਨ੍ਹਾਂ ਦੀ ਸਰਕਾਰ ਨੇ ਬੰਦ ਕਰਾ ਦਿੱਤਾ ਸੀ ਅਤੇ ਆਸ਼ਵਾਸਨ ਵੀ ਦਿੱਤਾ ਸੀ ਕਿ ਇਸ ਨੂੰ ਚੱਲਦਾ ਨਹੀਂ ਰਹਿਣ ਦਿਆਂਗੇ। ਹੁਣ ਜੇ ਸਾਡੀ ਸਰਕਾਰ ਨੇ ਉਨ੍ਹਾਂ ਬੱਚਿਆਂ ਦੀ ਯਾਦ ਵਿੱਚ ਉਸ ਨੂੰ ਯਾਦਗਾਰ ਬਨਾਉਣ ਦੀ ਗੱਲ ਸੋਚੀ ਹੈ, ਜਿਹੜੇ ਬੱਚੇ ਇਨ੍ਹਾਂ ਦੀ ਜ਼ਾਲਮ ਸਰਕਾਰ ਦੀ ਪੁਲਿਸ ਦਾ ਸ਼ਿਕਾਰ ਹੋਏ ਤਾਂ ਇਹ ਉਠ ਕੇ ਚਲੇ ਗਏ। ਇਹ ਨਹੀਂ ਚਾਹੁੰਦੇ ਕਿ ਅਸੀਂ ਪੰਜਾਬ ਦੇ ਲੋਕਾਂ ਦੇ ਜ਼ਖਮਾਂ ਤੇ ਮਲ੍ਹਮ ਲਾਈਏ, ਇਹ ਚਾਹੁੰਦੇ ਹਨ ਕਿ ਬੱਚੇ ਅੱਤਵਾਦ ਵੱਲ ਨੂੰ ਜਾਣ। ਜੇ ਇਹ ਅੱਜ ਇਸ ਤਰ੍ਹਾਂ ਨਾ ਕਰਦੇ ਤਾਂ ਮੈਂ ਵੀ ਬੜੇ ਹੌਂਸਲੇ ਨਾਲ ਕਹਿ ਸਕਦਾ ਸੀ ਕਿ ਹੁਣ ਤੱਕ ਪੰਜਾਬ ਦੇ ਮਸਲੇ ਨੇ ਏਨਾਂ ਨਹੀਂ ਸੀ ਉਲਝਣਾ। ਉਹ 18 ਨਵੰਬਰ, 1982 ਨੂੰ ਹੀ ਤਹਿ ਹੋ ਜਾਣਾ ਸ਼ੀ ਪਰ ਇਨ੍ਹਾਂ ਨੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਨੂੰ ਮਿਸ-ਲੀਡ ਕੀਤਾ, ਪੰਜਾਬ ਨੂੰ ਪੁਲਿਸ ਦੀ ਛਾਉਣੀ ਬਣਾ ਲਿਆ ਤੇ ਪੰਜਾਬ ਦੇ ਧਰਮ-ਅਸਥਾਨਾਂ ਤੇ ਹਮਲੇ ਹੋਏ, ਬੇਗੁਨਾਹਾਂ ਦੇ ਖੂਨ ਡੋਲ੍ਹੇ ਗਏ ਕਿਉਂਕਿ ਇਨ੍ਹਾਂ ਦੀ ਸਰਕਾਰ ਸਿਰਫ ਗੱਦੀਆਂ ਹੀ ਚਾਹੁੰਦੀ ਹੈ। ਹੁਣ ਜਦੋਂ ਅਸੀਂ ਕੁਝ ਕਰਨ ਲੱਗੇ ਹਾਂ, ਅਸੀਂ ਕੁਝ ਪੈਸੇ ਮੰਗੇ ਹਨ ਤਾਂ ਇਹ ਉਠ ਕੇ ਤੁਰ ਗਏ ਹਨ।

ਚੇਅਰਮੈਨ ਸਾਹਿਬ, ਡਿਮਾਂਡ ਨੰਬਰ 38 ਵਿੱਚ 41 ਕਰੋੜ ਰੁਪਿਆ ਰਖਿਆ ਗਿਆ ਹੈ ਜਿਹੜਾ ਥੀਨ ਡੈਮ ਦੀ ਉਸਾਰੀ ਲਈ ਹੈ। ਥੀਨ ਡੈਮ ਦਾ ਮਸਲਾ ਬਹੁਤ ਦੇਰ ਦਾ ਲਮਕਦਾ ਆ ਰਿਹਾ ਹੈ। ਇਨ੍ਹਾਂ ਦੀ ਪਿਛਲੀ ਸਰਕਾਰ ਇਹ ਕਹਿੰਦੀ ਰਹੀ ਕਿ ਅਸੀਂ ਥੀਨ ਡੈਮ ਬਣਵਾ ਦਿਆਂਗੇ। ਇਨ੍ਹਾਂ ਦੇ ਪਹਿਲੇ ਗਵਰਨਰੀ ਐਡਰੈਸ ਵਿੱਚ ਵੀ ਕਿਹਾ ਗਿਆ ਕਿ ਇਸ ਕੰਮ ਨੂੰ ਵਾਰ ਫੁਟਿੰਗ ਤੇ ਕੀਤਾ ਜਾਵੇਗਾ। ਦੂਜੇ ਅਤੇ ਤੀਜੇ ਐਡਰੈਸ ਵਿੱਚ ਵੀ ਇਹੀ ਕਿਹਾ ਗਿਆ। ਪਰ ਫਿਰ ਹਾਲਾਤ ਹੀ ਵਿਗੜ ਗਏ ਅਤੇ ਇਹ ਆਪਣੇ ਹੀ ਪਾਪਾਂ ਵਿੱਚ ਫਸ ਕੇ ਰਹਿ ਗਏ ਅਤੇ ਮਾਮਲਾ ਫੇਰ ਉਥੇ ਹੀ ਰਹਿ ਗਿਆ। ਥੀਨ ਡੈਮ ਪੰਜਾਬ ਦੇ ਲੋਕਾਂ ਦੀ ਜਾਇਜ਼ ਤੇ ਹੱਕੀ ਮੰਗ ਹੈ। ਹੁਣ ਡਾਕਟਰ ਸਾਹਿਬ ਗੱਲਾਂ ਵਿੱਚ ਕਹਿ ਗਏ ਕਿ ਪੰਜਾਬ ਦਾ ਪਾਣੀ ਕਿਧਰੇ ਲੁਟਿਆ ਨਹੀਂ ਜਾ ਰਿਹਾ। ਇਹ ਕਹਿੰਦੇ ਹਨ ਕਿ ਜਿਹੜਾ ਰਾਜਿਸਥਾਨ ਨੇ ਪਾਣੀ ਲੈਣਾ ਸੀ, ਉਹ ਲੈ ਨਹੀਂ ਰਿਹਾ। ਇਹ ਸਭ ਕੁਝ ਜਾਣ-ਬੁਝ ਕੇ ਕਹਿ ਰਹੇ ਹਨ। ਇਨ੍ਹਾਂ ਨੂੰ ਵੀ ਪਤਾ ਹੈ ਕਿ ਥੀਨ ਡੈਮ ਬਣਨ ਤੋਂ ਬਾਅਦ ਜਿਹੜਾ ਰਾਵੀ-ਬਿਆਸ ਦਾ ਲਿੰਕ ਬਣਨਾ ਸੀ, ਉਥੇ ਹਰੀਕੇ-ਪੱਤਣ ਵਾਲਾ ਪਾਣੀ ਰਾਜਿਸਥਾਨ ਨਹੀਂ ਲੈ ਰਿਹਾ, ਬਾਕੀ ਸਾਰਾ ਤਾਂ ਲੈ ਹੀ ਰਿਹਾ ਹੈ। ਪੰਜਾਬ ਦੇ ਕਿਸਾਨ ਟਿਊਬਵੈੱਲਜ਼ ਚਲਾ ਚਲਾ ਕੇ ਪਾਣੀ ਦੀ ਜ਼ਰੂਰਤ ਨੂੰ ਪੂਰੀ ਕਰਦੇ ਹਨ ਕਿਉਂਕਿ ਪੰਜਾਬ

[ਸਰਦਾਰ ਬਲਦੇਵ ਸਿੰਘ ਮਾਨ]

ਦਾ ਪਾਣੀ ਇਨ੍ਹਾਂ ਦੀ ਸਰਕਾਰ ਨੇ ਲੁਟਾਇਆ ਜਦੋਂ ਇਹ ਦਿੱਲੀ ਵਿੱਚ ਦਸਖਤ ਕਰਕੇ ਆ ਗਏ ਸਨ। ਉਦੋਂ ਪੰਜਾਬ ਦੇ ਕਿਸਾਨ ਨਾਲ ਧੱਕਾ ਹੋਇਆ ਸੀ। ਹੁਣ ਥੀਨ ਡੈਮ ਵਾਸਤੇ ਜਿਹੜਾ 41 ਕਰੋੜ ਰੁਪਿਆ ਰਖਿਆ ਗਿਆ ਹੈ, ਇਨ੍ਹਾਂ ਵਲੋਂ ਉਸ ਦੀ ਵਿਰੋਧਤਾ ਕੀਤੀ ਗਈ ਹੈ। ਇਹ ਨਹੀਂ ਚਾਹੁੰਦੇ ਕਿ ਪੰਜਾਬ ਦੇ ਕਿਸਾਨ ਵਾਸਤੇ, ਲੋਕਾਂ ਵਾਸਤੇ ਅਤੇ ਪੰਜਾਬ ਦੇ ਹਿੱਤਾਂ ਵਾਸਤੇ ਕੋਈ ਗੱਲ ਕੀਤੀ ਜਾ ਸਕੇ ਜਿਹੜੀ ਉਨ੍ਹਾਂ ਦੇ ਫਾਇਦੇ ਵਿੱਚ ਹੋਵੇ ਅਤੇ ਨਾਲ ਹੀ ਇਨ੍ਹਾਂ ਨੇ ਇਹ ਮਿੱਥਿਆ ਹੈ ਕਿ ਅਸੀਂ ਹਰ ਇਕ ਗੱਲ ਦਾ ਵਿਰੋਧ ਕਰਨਾ ਹੈ। ਅਸੀਂ ਹੁਣ ਪ੍ਰਧਾਨ ਮੰਤਰੀ ਤੋਂ ਥੀਨ-ਡੈਮ ਦਾ ਨੀਂਹ-ਪੱਥਰ ਰਖਵਾ ਰਹੇ ਹਾਂ ਤੇ ਇਹ ਕਹਿੰਦੇ ਹਨ ਕਿ ਪ੍ਰਧਾਨ-ਮੰਤਰੀ ਦਾ ਕੋਈ ਧੰਨਵਾਦ ਨਹੀਂ ਕੀਤਾ ਗਿਆ। ਅਸੀਂ ਪ੍ਰਧਾਨ ਮੰਤਰੀ ਨੂੰ ਮੁੱਖ ਮਹਿਮਾਨ ਬਣਾਇਆ ਹੈ, ਇਸ ਤੋਂ ਵੱਡਾ ਧੰਨਵਾਦ ਹੋਰ ਕੀ ਹੋ ਸਕਦਾ ਹੈ। ਇਹ ਤਾਂ ਬਸ 'ਮੈਂ ਨਾ ਮਾਨੂੰ' ਵਾਲੀ ਗੱਲ ਤੇ ਹੀ ਅੜੇ ਹੋਏ ਹਨ। ਇਹ ਤਾਂ ਇਹੀ ਚਾਹੁੰਦੇ ਹਨ ਕਿ ਪੰਜਾਬ ਦੇ ਲੋਕ ਤਰੱਕੀ ਨਾ ਕਰ ਸਕਣ, ਭੁੱਖੇ ਮਰਨ ਲੜਦੇ ਝਗੜਦੇ ਰਹਿਣ, ਤਾਂ ਹੀ ਇਨ੍ਹਾਂ ਨੂੰ ਗੱਦੀ ਮਿਲ ਸਕਦੀ ਹੈ, ਨਹੀਂ ਤਾਂ ਗੱਦੀ ਪ੍ਰਾਪਤ ਨਹੀਂ ਹੋਣੀ।

ਚੇਅਰਮੈਨ ਸਾਹਿਬ, ਹੁਣ ਮੈਂ ਡਿਮਾਂਡ ਨੰਬਰ 39 ਦਾ ਜ਼ਿਕਰ ਕਰਦਾ ਹਾਂ ਜਿਹੜੀ ਐਸ.ਵਾਈ.ਐਲ. ਬਾਰੇ ਹੈ। ਇਨ੍ਹਾਂ ਨੇ ਕਿਹਾ ਹੈ ਕਿ ਇਹ ਅਕਾਲੀ ਸਰਕਾਰ ਦੀ ਗਲਤੀ ਹੈ। ਚੇਅਰਮੈਨ ਸਾਹਿਬ, ਮੈਂ ਇਹ ਪੁੱਛਦਾ ਹਾਂ ਕਿ ਕੀ ਇਨ੍ਹਾਂ ਨੇ ਜਿਹੜਾ ਰਾਵੀ-ਬਿਆਸ ਪੈਕਟ ਕੀਤਾ ਸੀ, ਇਹ ਉਸ ਦਾ ਸਿੱਟਾ ਨਹੀਂ ਸੀ ? ਜਦੋਂ ਇਨ੍ਹਾਂ ਨੇ ਆ ਕੇ ਬੜੀਆਂ ਫੜ੍ਹਾਂ ਮਾਰੀਆਂ ਸਨ ਅਤੇ ਵਾਈਟ ਪੇਪਰ ਸ਼ਾਇਆ ਕੀਤਾ ਅਤੇ ਲਿਖਿਆ ਕਿ ਐਸ.ਵਾਈ.ਐਲ. ਏਨੇ ਸਮੇਂ ਵਿੱਚ ਪੂਰਾ ਹੋ ਜਾਵੇਗਾ ਅਤੇ ਐਸ.ਵਾਈ.ਐਲ. ਲਈ ਸਰਕਾਰ ਏਨਾ ਪੈਸਾ ਦੇਵੇਗੀ। ਉਦੋਂ ਵੀ ਅਸੀਂ ਇਸ ਗੱਲ ਦਾ ਵਿਰੋਧ ਕੀਤਾ ਕਿ ਤੁਸੀਂ ਪੰਜਾਬ ਦੇ ਕਿਸਾਨ ਦਾ ਪਾਣੀ ਖੋਹ ਲਿਆ ਹੈ। ਅਸੀਂ ਇਸ ਹੱਕ ਵਿਚ ਨਹੀਂ ਕਿ ਜੋ ਹਰਿਆਣਾ ਦਾ ਹਿੱਸਾ ਬਣਦਾ ਹੈ, ਉਹ ਉਸ ਨੂੰ ਨਾ ਮਿਲੇ। ਸੰਤ ਲੌਂਗੋਵਾਲ ਜੀ ਨੇ ਵੀ ਕਿਹਾ ਸੀ ਕਿ ਹਰਿਆਣੇ ਦੇ ਹਿੱਸੇ ਦੇ ਪਾਣੀ ਦਾ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਜਿਹੜੇ ਮਾੜੇ ਫੈਸਲੇ ਇਹ ਸਰਕਾਰਾਂ ਕਰਦੀਆਂ ਗਈਆਂ, ਉਨ੍ਹਾਂ ਫੈਸਲਿਆਂ ਤੇ ਮਜ਼ਬੂਰ ਹੋ ਕੇ ਦੂਜੀਆਂ ਸਰਕਾਰਾਂ ਨੂੰ ਵੀ ਤੁਰਨਾ ਪੈਂਦਾ ਹੈ। ਜੇ ਹੁਣ 18 ਕਰੋੜ 33 ਲੱਖ ਰੁਪਿਆ ਇਸ ਕੰਮ ਲਈ ਰਖਿਆ ਹੈ ਤਾਂ ਇਹ ਵਿਰੋਧ ਕਰਨ ਲੱਗੇ ਹਨ ਜਦ ਕਿ ਆਪ ਹੀ ਆਪਣੇ ਅੱਖਰਾਂ ਵਿਚ ਲਿਖ ਕੇ ਚਲੇ ਗਏ ਕਿ ਨਹਿਰ ਬਣਨੀ ਹੈ ਤੇ ਨਾਲ ਹੀ ਕਹਿੰਦੇ ਹਨ ਕਿ ਪੰਜਾਬ ਦਾ ਪਾਣੀ ਲੁਟਿਆ ਨਹੀਂ ਗਿਆ। ਇਸ ਤਰ੍ਹਾਂ ਦੀਆਂ ਲਿਪੀਆਂ ਪੋਚੀਆਂ ਗੱਲਾਂ ਕਰਕੇ ਪੰਜਾਬ ਦੇ ਲੋਕਾਂ ਨਾਲ ਹਮਦਰਦੀ ਜ਼ਾਹਿਰ ਕਰਦੇ ਹਨ। ਤੁਹਾਨੂੰ ਤਾਂ ਪੰਜਾਬ ਦੇ ਲੋਕਾਂ ਨੇ ਮੂੰਹ ਤੋਂ ਲਾਹ ਕੇ ਉਧਰਲੇ ਬੈਂਚਾਂ ਤੇ ਬਿਠਾ ਦਿੱਤਾ ਹੈ। ਤੁਹਾਨੂੰ ਇਸ ਗੱਲ ਤੋਂ ਸਬਕ ਲੈਣਾ ਚਾਹੀਦਾ ਹੈ। ਪਰ ਹਾਲੇ ਵੀ ਤੁਸੀਂ ਪੰਜਾਬ ਦੇ ਹਿੱਤਾਂ ਦੀ ਗੱਲ ਨਹੀਂ ਕਰਦੇ, ਹਮੇਸ਼ਾਂ ਦਿੱਲੀ ਵੱਲ ਨੂੰ ਝਾਕਦੇ ਰਹਿੰਦੇ ਹੋ। ਜੇ ਦਿੱਲੀ ਵਾਲੇ ਵੀ ਕੁਝ ਕਰ ਦੇਣ, ਇਹ ਤਾਂ ਵੀ ਵਿਰੋਧ ਕਰੀ ਜਾਂਦੇ ਹਨ। ਗਵਰਨਰ ਐਡਰੈਸ ਹੋਇਆ, ਲੀਡਰ ਆਫ ਦੀ ਆਪੋਜ਼ੀਸ਼ਨ ਅਤੇ ਡਿਪਟੀ ਲੀਡਰ ਨੇ ਵੀ ਐਡਰੈਸ ਦੀ ਸਪੋਰਟ ਕੀਤੀ ਪਰ ਡਾਕਟਰ ਸਾਹਿਬ ਵਿਰੋਧਤਾ ਕਰ ਗਏ। ਇਨ੍ਹਾਂ ਵਿੱਚ ਡਿਵੀਜ਼ਨ ਹੈ, ਫਿਰਕਾਪ੍ਰਸਤੀ ਹੈ ਅਤੇ ਜਦੋਂ ਤੱਕ ਇਹ ਫਿਰਕਾਪ੍ਰਸਤੀ ਦੀ ਭਾਵਨਾ ਖਤਮ ਨਹੀਂ ਹੁੰਦੀ, ਪੰਜਾਬ ਵਿੱਚ ਸਹੀ ਲਫਜ਼ਾਂ ਵਿੱਚ ਸ਼ਾਂਤੀ ਨਹੀਂ ਹੋ ਸਕਦੀ।

ਸੋ, ਚੇਅਰਮੈਨ ਸਾਹਿਬ, ਆਖਿਰ ਵਿੱਚ ਮੈਂ ਏਨਾ ਹੀ ਕਹਿੰਦਾ ਹਾਂ ਕਿ ਜਿਹੜੀਆਂ ਮੰਗਾਂ ਹਾਊਸ ਦੇ ਸਾਹਮਣੇ ਰੱਖੀਆਂ ਗਈਆਂ ਹਨ, ਉਹ ਪੰਜਾਬ ਦੇ ਲੋਕਾਂ ਦੇ ਜ਼ਖਮਾਂ ਤੇ ਮਲ੍ਹਮ ਲਾਉਣ ਲਈ ਹਨ, ਥੀਨ ਡੈਮ ਦੀ ਉਸਾਰੀ ਵਾਸਤੇ ਹਨ, ਕਿਸਾਨਾਂ ਦੇ ਭਲੇ ਲਈ ਹਨ ਅਤੇ ਇਨ੍ਹਾਂ ਨੂੰ ਸਰਬ-ਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ।

ਸ੍ਰੀ ਸ਼ਿਵ ਚੰਦ ਮਲੋਟ (ਮਲੋਟ, ਐਸ.ਸੀ.) : ਚੇਅਰਮੈਨ ਸਾਹਿਬ, ਇਸ ਹਾਊਸ ਵਿੱਚ ਵਾਰ ਵਾਰ ਇਹੀ ਗੱਲਾਂ ਰਿਪੀਟ ਕੀਤੀਆਂ ਗਈਆਂ ਕਿ ਬਲਿਊ ਸਟਾਰ ਆਪਰੇਸ਼ਨ ਵਿੱਚ ਇਹ ਹੋ ਗਿਆ, ਦਿੱਲੀ ਰਾਇਟਸ ਵਿੱਚ ਅਤੇ ਮੱਧਪ੍ਰਦੇਸ਼ ਵਿੱਚ ਇਹ ਹੋ ਗਿਆ ਪਰ ਇਹ ਕਿਸੇ ਸੱਜਣ ਨੇ ਨਹੀਂ ਸੋਚਿਆ ਕਿ ਅਸੀਂ ਪੰਜਾਬ ਦੀ ਵੀ ਕੋਈ ਗੱਲ ਕਰੀਏ। ਅਸੀਂ ਵੀ ਮਹਿਸੂਸ ਕਰਦੇ ਹਾਂ ਕਿ ਜੋ ਬਲਿਊ-ਸਟਾਰ ਆਪਰੇਸ਼ਨ ਹੋਇਆ ਸੀ, ਉਹ ਗਲਤ ਹੋਇਆ ਸੀ, ਜੋ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਉਹ ਉਸ ਤੋਂ ਵੀ ਭੈੜਾ ਹੋਇਆ ਸੀ। ਚੇਅਰਮੈਨ ਸਾਹਿਬ, ਇਹ ਸਾਰੀਆਂ ਗੱਲਾਂ ਹੁੰਦਿਆਂ ਹੋਇਆਂ ਵੀ, ਹਿੰਦੁਸਤਾਨ ਦੀ ਮਹਾਨ ਹਸਤੀ ਸ੍ਰੀ ਰਾਜੀਵ ਗਾਂਧੀ, ਜਿਨ੍ਹਾਂ ਦੀ ਮਾਂ ਦੀ ਡੈਥ ਹੋ ਗਈ ਸੀ, ਉਨ੍ਹਾਂ ਕੈਂਪਾਂ ਵਿੱਚ ਗਏ ਔਰ ਲੋਕਾਂ ਨੂੰ ਮਿਲੇ ਅਤੇ ਪੁੱਛਿਆ ਕਿ ਤੁਹਾਡੇ ਨਾਲ ਕੀ ਕੀ ਹੋਇਆ ਹੈ। ਔਰ ਕਿਸ ਕਿਸ ਤਰ੍ਹਾਂ ਉਨ੍ਹਾਂ ਨੇ ਲੋਕਾਂ ਦੀਆਂ ਗੱਲਾਂ ਸੁਣੀਆਂ । ਜਿਸ ਦੀ ਮਾਂ ਮਰ ਜਾਂਦੀ ਹੈ, ਉਸ ਦਾ ਸਾਰਾ ਕੁਝ ਤਬਾਹ ਹੋ ਜਾਂਦਾ ਹੈ। ਚੇਅਰਮੈਨ ਸਾਹਿਬ, ਜਦੋਂ ਸਾਨੂੰ ਛੋਟਾ ਜਿਹਾ ਕੰਡਾ ਵੀ ਲਗ ਜਾਂਦਾ ਹੈ ਤਾਂ ਅਸੀਂ ਕਹਿੰਦੇ ਹਾਂ "ਹਾਏ ਮਾਂ"। ਉਸ ਦੀ ਮਰੀ ਹੋਈ ਮਾਂ ਘਰੇ ਪਈ ਹੈ ਪਰ ਉਸ ਨੂੰ ਕੋਈ ਚਿੰਤਾ ਨਹੀਂ। ਉਹ ਫਿਰ ਇਹੀ ਕਹਿ ਰਹੇ ਹਨ ਕਿ ਇਹ ਮੇਰੇ ਇਕੱਲੇ ਦੀ ਮਾਂ ਨਹੀਂ, ਇਹ ਸਾਰੇ ਹਿੰਦੁਸਤਾਨ ਦੀ ਮਾਂ ਸੀ। ਇਹ ਲੋਕ ਉਸ ਤੇ ਨੁਕਤਾਚੀਨੀ ਕਰੀ ਜਾ ਰਹੇ ਹਨ ਕਿ ਸਾਡਾ ਪ੍ਰਾਈਮ ਮਨਿਸਟਰ ਪੰਜਾਬੀਆਂ ਨਾਲ ਵਿਤਕਰਾ ਕਰ ਰਿਹਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਜੇ ਉਹ ਵਿਤਕਰਾ ਕਰਦਾ ਹੁੰਦਾ ਤਾਂ ਹੁਸੈਨੀ ਵਾਲਾ ਬਾਰਡਰ ਤੇ ਕਿਉਂ ਜਾਂਦਾ ? ਚੇਅਰਮੈਨ ਸਾਹਿਬ, ਉਸ ਨੇ ਉਥੇ ਜਾ ਕੇ ਪੰਜਾਬ ਦੇ ਕਿਸਾਨਾਂ ਨੂੰ 5/- ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ। ਪੰਜਾਬ ਦੇ ਕਿਸਾਨ ਨੂੰ ਕਰੋੜਾਂ ਰੁਪਏ ਦਾ ਬੋਨਸ ਦਿੱਤਾ। ਕਿਉਂ ? ਇਸ ਕਰਕੇ ਕਿ ਅਸੀਂ ਕਣਕ ਪੈਦਾ ਕਰਨ ਵਿੱਚ ਫਸਟ ਆਏ ਸਾਂ। ਕਣਕ ਤਾਂ ਰਾਜਸਥਾਨ ਵੀ ਪੈਦਾ ਕਰਦਾ ਹੈ, ਹਰਿਆਣਾ ਵੀ ਪੈਦਾ ਕਰਦਾ ਹੈ ਅਤੇ ਯੂ.ਪੀ. ਵੀ ਪੈਦਾ ਕਰਦਾ ਹੈ ਪਰ ਉਨ੍ਹਾਂ ਨੂੰ ਉਸ ਨੇ ਕੋਈ ਬੋਨਸ ਨਹੀਂ ਦਿੱਤਾ, ਸਿਰਫ ਪੰਜਾਬੀਆਂ ਨੂੰ ਹੀ ਦਿੱਤਾ ਹੈ। ਕਿਉਂ ? ਇਸ ਕਰਕੇ ਕਿ ਉਸ ਨੂੰ ਪੰਜਾਬੀਆਂ ਨਾਲ ਪਿਆਰ ਹੈ। ਉਹ ਸਮਝਦਾ ਹੈ ਕਿ ਪੰਜਾਬੀ ਬੜੇ ਬਹਾਦਰ ਹਨ ਅਤੇ ਜਿਹੜੇ ਕੰਮ ਨੂੰ ਹੱਥ ਪਾਉਂਦੇ ਹਨ, ਉਸ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਨੇਪਰੇ ਚਾੜ੍ਹਦੇ ਹਨ। ਇਸੇ ਤਰ੍ਹਾਂ ਇਹ ਸਰਦਾਰ ਬੂਟਾ ਸਿੰਘ ਦੀਆਂ ਗੱਲਾਂ ਕਰਦੇ ਹਨ। ਇਹ ਗੱਲਾਂ ਕੋਈ ਕਰਨ ਵਾਲੀਆਂ ਹਨ ? ਆਖਿਰ ਉਹ ਐਗਰੀਕਲਚਰ ਮਨਿਸਟਰ ਹਨ, ਪੰਜਾਬ ਦੇ ਰਹਿਣ ਵਾਲੇ ਹਨ ਅਤੇ ਪੰਜਾਬ ਦੇ ਹਿਤੈਸ਼ੀ ਹਨ। ਸਾਰਿਆਂ ਹਰੀਜਨਾਂ ਦੇ ਹਿਤਕਾਰੀ ਹਨ। ਫਿਰ ਇਹ ਝੋਲੀ ਲੈ ਕੇ ਜਾਂਦੇ ਹਨ ਕਿ ਸਾਨੂੰ ਤੁਸੀਂ ਪੈਡੀ ਦੇ ਚੰਗੇ ਭਾਅ ਦਿਓ ! ਇਹ ਉਸ ਨੂੰ ਅਤੇ ਦਿੱਲੀ ਦੀ ਸਰਕਾਰ ਨੂੰ ਗਾਲ੍ਹਾਂ ਕੱਢਦੇ ਰਹਿੰਦੇ ਹਨ। ਚੇਅਰਮੈਨ ਸਾਹਿਬ, ਤੁਸੀਂ ਇਨ੍ਹਾਂ ਨੂੰ ਅਕਲ ਦਿਓ। ਸਾਡੇ ਪ੍ਰਾਈਮ ਮਨਿਸਟਰ ਵੀ ਰਾਜੀਵ ਗਾਂਧੀ ਹਨ ਅਤੇ ਤੁਹਾਡੇ ਪ੍ਰਾਈਮ ਮਨਿਸਟਰ ਵੀ ਰਾਜੀਵ ਗਾਂਧੀ ਹਨ। ਇਨ੍ਹਾਂ ਵਿਚੋਂ ਕੋਈ ਰਾਜੀਵ ਗਾਂਧੀ ਨੂੰ ਆਪਣਾ ਲੀਡਰ ਨਹੀਂ ਮੰਨਦਾ, ਇਕੱਲੇ ਚੀਫ ਮਨਿਸਟਰ ਸਾਹਿਬ ਮੰਨਦੇ ਹਨ। ਗੱਲ ਇਥੇ ਹੀ ਨਹੀਂ ਮੁਕਦੀ। ਚੇਅਰਮੈਨ ਸਾਹਿਬ, ਸਾਡੇ ਪ੍ਰਾਈਮ ਮਨਿਸਟਰ ਨੇ ਪੰਜਾਬ ਨੂੰ ਕੋਚ ਫੈਕਟਰੀ ਦਿੱਤੀ ਹੈ ਜਿਸ ਦਾ ਨੀਂਹ ਪੱਥਰ ਰਖਿਆ ਜਾ ਚੁੱਕਾ ਹੈ।

(ਅਕਾਲੀ ਪਾਰਟੀ ਵਲੋਂ ਆਵਾਜ਼ਾਂ: ਕੋਈ ਅਹਿਸਾਨ ਤਾਂ ਨਹੀਂ ਕੀਤਾ!) (ਸ਼ੋਰ)

Mr. Chairman: Please address the Chair. ਟਾਈਮ ਬੜਾ ਥੋੜ੍ਹਾ ਹੈ, ਇਸ ਕਰਕੇ ਜਿਹੜੇ ਪੁਆਇੰਟ ਤੁਸੀਂ ਕਹਿਣੇ ਹਨ, ਕਹਿ ਲਓ। ਇਨ੍ਹਾਂ ਨਾਲ ਗੱਲ ਨਾ ਕਰੋ।

ਸ੍ਰੀ ਸ਼ਿਵ ਚੰਦ ਮਲੋਟ : ਮੈਂ ਇਨ੍ਹਾਂ ਨਾਲ ਗੱਲ ਨਹੀਂ ਕਰਦਾ। ਚੇਅਰਮੈਨ ਸਾਹਿਬ, ਕੱਲ੍ਹ ਤੁਸੀਂ ਵੇਖੋਗੇ ਕਿ 1200 ਕਰੋੜ ਰੁਪਏ ਦੇ ਥੀਨ ਡੈਮ ਦਾ ਨੀਂਹ ਪੱਥਰ ਸਾਡੇ ਪ੍ਰਾਈਮ ਮਨਿਸਟਰ ਰੱਖ ਰਹੇ ਹਨ। ਇਹ ਕਿੱਡੀ ਵੱਡੀ ਗੱਲ ਹੈ। ਇਹ ਕਹਿੰਦੇ ਹਨ ਕਿ ਪੰਜਾਬ ਵਿਚ ਪਾਣੀ ਹੀ ਪਾਣੀ ਹੈ ਪਰ ਪਾਣੀ ਦੀ ਹਾਲੇ ਵੀ ਘਾਟ ਹੈ। ਮੈਂ ਆਪਣੇ ਇਲਾਕੇ ਦੀ ਗੱਲ ਕਰਦਾ ਹਾਂ। ਫਰੀਦਕੋਟ ਜ਼ਿਲ੍ਹੇ ਦੀ ਗੱਲ ਕਰਦਾ ਹਾਂ, ਮਲੋਟ ਦੀ ਗੱਲ ਕਰਦਾ ਹਾਂ। ਜੇ ਸਾਨੂੰ ਪਾਣੀ ਜ਼ਰੂਰਤ ਦੇ ਮੁਤਾਬਿਕ ਮਿਲ ਜਾਵੇ ਤਾਂ ਅਸੀ ਕਣਕ ਦੀ ਫਸਲ, ਝੋਨੇ ਦੀ ਫਸਲ, ਨਰਮੇ ਦੀ ਫਸਲ 2–3 ਗੁਣਾ ਜ਼ਿਆਦਾ ਪੈਦਾ ਕਰ ਸਕਦੇ ਹਾਂ। ਇਸ ਕਰਕੇ ਇਸ ਡਿਮਾਂਡ ਵਿਚ ਇਹੋ ਜਿਹੀ ਕੋਈ ਗੱਲ ਨਹੀਂ ਆਈ, ਐਵੇਂ ਕਾਲੇ ਪੀਲੇ ਅੱਖਰ ਲਿਖ ਦਿੱਤੇ ਹਨ। ਚੇਅਰਮੈਨ ਸਾਹਿਬ, ਇਥੇ ਇਹ ਵੀ ਕਿਹਾ ਗਿਆ ਕਿ ਇਨ੍ਹਾਂ ਟੋਪੀਆਂ ਵਾਲਿਆਂ ਨੇ, ਵਾਸਕਟਾਂ ਵਾਲਿਆਂ ਨੇ, ਖੱਦਰਧਾਰੀਆਂ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ। ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਟੋਪੀਆਂ ਵਾਲਿਆਂ ਦੀਆਂ, ਇਨ੍ਹਾਂ ਚਿਟੀਆਂ ਪੱਗਾਂ ਵਾਲਿਆਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਇਸ ਅਸੈਂਬਲੀ ਵਿਚ ਬੈਠੇ ਹਾਂ। ਇਨ੍ਹਾਂ ਨੇ ਕੀ ਕੀਤਾ ਹੈ ?

ਸਰਦਾਰ ਮਹਿੰਦਰ ਸਿੰਘ ਬਰਾੜ : ਚੇਅਰਮੈਨ ਸਾਹਿਬ, ਇਹ ਦੱਸਣ ਕਿ ਇਹ ਲੋਕ ਆਜ਼ਾਦੀ ਵਾਸਤੇ ਕਿਥੇ ਸ਼ਹੀਦ ਹੋਏ ਹਨ ? ਸਾਰੀਆਂ ਕੁਰਬਾਨੀਆਂ ਤਾਂ ਸਿੱਖਾਂ ਨੇ ਕੀਤੀਆਂ ਹਨ।

ਸ੍ਰੀ ਸ਼ਿਵ ਚੰਦ ਮਲੋਟ: ਚੇਅਰਮੈਨ ਸਾਹਿਬ, ਮਹਾਤਮਾ ਗਾਂਧੀ ਨੇ ਦੇਸ਼ ਦੀ ਆਜ਼ਾਦੀ ਵਾਸਤੇ ਕੁਰਬਾਨੀ ਕੀਤੀ ਜਿਨ੍ਹਾਂ ਦੀ ਫੋਟੋ ਵੀ ਇਥੇ ਲਗੀ ਹੋਈ ਹੈ। ਇਸ ਤੋਂ ਇਲਾਵਾ, ਪੰਡਿਤ ਮੋਤੀ ਲਾਲ ਨਹਿਰੂ, ਪੰਡਤ ਜਵਾਹਰ ਲਾਲ ਨਹਿਰੂ, ਸਰਦਾਰ ਬਲਦੇਵ ਸਿੰਘ ਅਤੇ ਮੌਲਾਨਾ ਆਜ਼ਾਦ ਵਰਗੇ ਸ਼ਖਸ ਹਨ ਜਿਨ੍ਹਾਂ ਨੇ ਲਾਠੀਆਂ ਖਾਧੀਆਂ ਅਤੇ 'ਕੁਇਟ ਇੰਡੀਆ' ਦਾ ਨਾਹਰਾ ਲਾਇਆ। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇਕ ਟੇਪ ਰਿਕਾਰਡ ਕਰ ਦਿਓ ਤਾਂ ਕਿ ਇਹ 'ਬਲਿਊ ਸਟਾਰ' ਦੀਆਂ ਗੱਲਾਂ ਸੁਣੀ ਜਾਇਆ ਕਰਨ। ਇਨ੍ਹਾਂ ਨੂੰ ਕਹੋ ਕਿ ਇਹ ਕੋਈ ਪੰਜਾਬ ਦੀ ਗੱਲ ਵੀ ਕਰ ਲਿਆ ਕਰਨ। ਇਸ ਤੋਂ ਇਲਾਵਾ, ਇਹ ਨੈਚੁਰਲ ਕਲੈਮਿਟੀਜ਼ ਦੀਆਂ ਗੱਲਾਂ ਕਰਦੇ ਹਨ। ਠੀਕ ਹੈ, ਇਸ ਵਾਰ ਬਰਸਾਤਾਂ ਬੜੀਆਂ ਹੋਈਆਂ। ਸਾਰੇ ਪੰਜਾਬ ਵਿਚ ਅਤੇ ਖਾਸ ਕਰਕੇ ਫਰੀਦਕੋਟ ਜ਼ਿਲ੍ਹੇ ਵਿਚ ਬਰਸਾਤ ਐਨੀ ਹੋਈ ਕਿ ਲੋਕਾਂ ਦੇ ਘਰ ਢਹਿ ਗਏ ਔਰ ਕਿੰਨੇ ਹੀ ਹਰੀਜਨ ਹਾਲੇ ਵੀ ਬੇਘਰ ਬੈਠੇ ਹਨ। ਠੰਡ ਦਾ ਟਾਈਮ ਆ ਚੁੱਕਾ ਹੈ ਪਰ ਇਸ ਗੌਰਮਿੰਟ ਨੇ ਹਾਲੇ ਤੱਕ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਕਿ ਉਨ੍ਹਾਂ ਨੂੰ ਕੋਈ ਮਕਾਨ ਬਣਾ ਕੇ ਦੇ ਦੇਈਏ, ਕੋਈ ਪੈਸਾ ਦੇ ਦੇਈਏ। ਜੇ ਕੋਈ ਪੈਸਾ ਦਿੱਤਾ ਵੀ ਗਿਆ ਹੈ ਤਾਂ ਉਹ ਵੱਡੇ ਆਦਮੀ ਲੈ ਗਏ, ਹਰੀਜਨ/ਗਰੀਬ ਆਦਮੀ ਨੂੰ ਕੋਈ ਪੈਸਾ ਨਹੀਂ ਮਿਲਿਆ। ਜੇ ਮਿਲਿਆ ਹੈ ਤਾਂ 120/- ਰੁਪਏ। ਇਤਨੇ ਪੈਸਿਆਂ ਨਾਲ ਤਾਂ 100 ਇੱਟਾਂ ਵੀ ਨਹੀਂ ਆਉਂਦੀਆਂ, ਇਕ ਹਜ਼ਾਰ ਇੱਟਾਂ ਤਾਂ ਕੀ ਆਉਣੀਆਂ ਹਨ। ਇਥੇ ਐਫ.ਐਮ. ਸਾਹਿਬ ਬੈਠੇ ਹਨ, ਬੜੇ ਸਿਆਣੇ ਅਤੇ ਤਜਰਬੇਕਾਰ ਆਦਮੀ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਦਾ ਧਿਆਨ ਰੱਖੋ। ਇਹ ਹਰੀਜਨ ਵਰਗ ਫੀਲਡ ਵਿਚ ਵੀ ਕੰਮ ਕਰਦਾ ਹੈ ਅਤੇ ਫੈਕਟਰੀਆਂ ਵਿਚ ਵੀ ਕੰਮ ਕਰਦਾ ਹੈ। ਇਸ ਵੇਲੇ ਜੇ ਤੁਸੀਂ ਇਸ ਵਰਗ ਨੂੰ ਨਾਲ ਲੈ ਕੇ ਨਹੀਂ ਚਲੋਗੇ ਤਾਂ ਤੁਹਾਡਾ ਹਾਲ ਵੀ ਉਹੀ ਹੋਵੇਗਾ ਜੋ ਸਾਡਾ ਹੋਇਆ ਹੈ। (ਹਾਸਾ) (ਸ਼ੋਰ) ਇਸ ਕਰਕੇ ਇਸ ਵਰਗ ਦਾ ਤੁਸੀਂ ਧਿਆਨ ਰੱਖੋ। ਸਰਦਾਰ ਬਸੰਤ ਸਿੰਘ ਜੀ ਤੁਸੀਂ ਵੀ ਸੁਣ ਲਓ। ਇਨ੍ਹਾਂ ਗੱਲਾਂ ਵੱਲ ਤੁਹਾਨੂੰ ਸੋਚਣਾ ਪਵੇਗਾ। ਇਹ ਵਰਗ ਦਿਨ–ਬ–ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਸਰਕਾਰਾਂ ਨਾਹਰੇ ਮਾਰਦੀਆਂ ਰਹਿੰਦੀਆਂ ਹਨ। ਅਸੀਂ ਹਰੀਜਨਾਂ ਨੂੰ ਇਹ ਦੇ ਦਿੱਤਾ,

ਉਹ ਦੇ ਦਿੱਤਾ, ਤਰੱਕੀ ਕਰ ਦਿੱਤੀ। ਇਹ ਸਭ ਬਿਲਕੁਲ ਝੂਠ ਹੈ। ਸਾਡੇ ਵਾਲੀ ਸਰਕਾਰ ਵੀ ਝੂਠ ਬੋਲਦੀ ਰਹੀ ਹੈ ਅਤੇ ਹੁਣ ਤੁਸੀਂ ਝੂਠ ਬੋਲ ਰਹੇ ਹੋ। (ਸ਼ੋਰ) ਇਥੇ 29 ਹਰੀਜਨ ਹਨ। (ਵਿਘਨ)

ਪੰਡਿਤ ਸਰਵਣ ਰਾਮ ਮਨਸੋਵਾਲੀਆ : ** ** **

ਸ੍ਰੀ ਸਭਾਪਤੀ : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

ਸ੍ਰੀ ਸ਼ਿਵ ਚੰਦ ਮਲੋਟ : ਚੇਅਰਮੈਨ ਸਾਹਿਬ, ਹਰੀਜਨਾਂ ਦਾ ਹਾਲ ਮਾੜਾ ਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ। ਸਾਡੇ ਲੋਕਾਂ ਦਾ ਸਰਵਿਸਿਜ਼ ਦਾ ਰਿਕਾਰਡ ਜਾਣ ਬੁਝ ਕੇ ਖਰਾਬ ਕੀਤਾ ਜਾਂਦਾ ਹੈ ਤਾਂ ਕਿ ਉਹ ਲੋਕ ਤਰੱਕੀ ਨਾ ਕਰ ਸਕਣ, ਕਿਤੇ ਉਨ੍ਹਾਂ ਨੂੰ ਸਲੂਟ ਨਾ ਮਾਰਨੇ ਪੈਣ। ਗਿਆਨੀ ਜ਼ੈਲ ਸਿੰਘ ਦੇ ਸਮੇਂ ਕਾਂਸਟੇਬਲ ਦੀ ਭਰਤੀ ਵਾਸਤੇ 50% ਰਿਜ਼ਰਵੇਸ਼ਨ ਕਰ ਦਿੱਤੀ ਗਈ ਸੀ। ਅੱਜ ਜਦੋਂ ਸਾਡੇ ਹਰੀਜਨ ਮੁੰਡੇ ਪੁਲਿਸ ਵਿਚ ਭਰਤੀ ਹੋਣ ਜਾਂਦੇ ਹਨ ਤਾਂ ਪੁਲਿਸ ਅਫਸਰ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੁਹਾਡੀ ਛਾਤੀ ਘੱਟ ਹੈ। ਇਨ੍ਹਾਂ ਨੂੰ ਇਸ ਪ੍ਰਤੀ ਰਿਲੈਕਸੇਸ਼ਨ ਦੇਣੀ ਚਾਹੀਦੀ ਹੈ। ਪੜ੍ਹਾਈ ਲਈ ਮੈਟ੍ਰਿਕ ਦੀ ਸ਼ਰਤ ਰੱਖੀ ਹੈ। ਇਹ ਠੀਕ ਹੈ ਮੈਟ੍ਰਿਕ ਰਖੋ। ਪਰ ਛੋਟ ਦੇਕੇ ਇਨ੍ਹਾਂ ਦੀ ਭਰਤੀ ਵਿੱਚ ਨੁਮਾਇੰਦਗੀ ਪੂਰੀ ਹੋਣੀ ਚਾਹੀਦੀ ਹੈ। ਅੱਜ ਪੁਲਿਸ ਡਿਪਾਰਟਮੈਂਟ ਵਿਚ ਦੇਖੋ, ਸਾਡੇ ਅਫਸਰਾਂ ਦਾ ਰਿਕਾਰਡ ਖਰਾਬ ਕੀਤਾ ਜਾ ਰਿਹਾ ਹੈ, ਇਨ੍ਹਾਂ ਨੂੰ ਸੁਪਰਸੀਡ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀਆਂ ਰਿਪੋਰਟਾਂ ਜਾਣ-ਬੁਝ ਕੇ ਖਰਾਬ ਕੀਤੀਆਂ ਜਾ ਰਹੀਆਂ ਹਨ। ਅੱਜ ਉਹ ਡੀ.ਆਈ.ਜੀ. ਔਰ ਆਈ.ਜੀ. ਬਣਨ ਦੇ ਕਾਬਲ ਹਨ ਪਰ ਬਣਾਇਆ ਨਹੀਂ ਜਾ ਰਿਹਾ ਹੈ (ਵਿਘਨ)।

ਇਕ ਅਵਾਜ਼ : ਇਹ ਤੁਹਾਡੀ ਸੰਰਕਾਰ ਨੇ ਕੀਤਾ ਹੋਣਾ ਹੈ।

ਸ੍ਰੀ ਸ਼ਿਵ ਚੰਦ ਮਲੋਟ : ਤੁਸੀਂ ਇਹ ਗਲਤੀ ਨਾ ਕਰੋ। ਚੇਅਰਮੈਨ ਸਾਹਿਬ, ਇਥੇ ਕਿਹਾ ਗਿਆ ਹੈ ਕਿ ਬਹੁਤ ਮਿਡਲ ਸਕੂਲ ਬਣਾ ਦਿਆਂਗੇ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਤੁਸੀਂ ਹਰੀਜਨਾਂ ਦੀਆਂ ਬਸਤੀਆਂ ਵਿਚ ਪ੍ਰਾਇਮਰੀ ਸਕੂਲ ਤਾਂ ਬਣਾ ਦਿਓ। ਉਥੇ ਪ੍ਰਾਇਮਰੀ ਸਕੂਲ ਤਕ ਨਹੀਂ ਹਨ। ਅਗਰ ਉਥੇ ਕੋਈ ਸਕੂਲ ਹੈ ਤਾਂ ਉਸ ਵਿਚ ਮਾਸਟਰ ਨਹੀਂ ਹਨ, ਉਥੇ ਸਕੂਲ ਦੀ ਬਿਲਡਿੰਗ ਨਹੀਂ ਹੈ। ਜੇਕਰ ਕੋਈ ਬਿਲਡਿੰਗ ਹੈ ਤਾਂ ਬਰਸਾਤ ਨਾਲ ਉਹ ਢਹੀ ਪਈ ਹੈ। ਹਰੀਜਨਾਂ ਦੇ ਸਕੂਲਾਂ ਵਲ ਕੋਈ ਧਿਆਨ ਨਹੀਂ ਦਿੰਦਾ ਹੈ। ਇਸ ਲਈ ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਫਿਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਰੀਜਨਾਂ ਦੀਆਂ ਬਸਤੀਆਂ ਵਿਚ ਸਕੂਲ ਖੋਲ੍ਹ ਦਿਓ। ਜੇਕਰ ਉਥੇ ਮਿਡਲ ਸਕੂਲ ਹਨ ਤਾਂ ਉਨ੍ਹਾਂ ਨੂੰ ਹਾਈ ਸਕੂਲ ਬਣਾਇਆ ਜਾਏ। ਐਡਰੈਸ ਵਿਚ ਕਿਹਾ ਗਿਆ ਸੀ ਕਿ 2 ਕਿਲੋ-ਮੀਟਰ ਤੇ ਮਿਡਲ ਸਕੂਲ ਔਰ 4 ਕਿਲੋ ਮੀਟਰ ਤੇ ਹਾਈ ਸਕੂਲ ਬਣਾਇਆ ਜਾਏਗਾ। ਇਹ ਬਿਲਕੁਲ ਗਲਤ ਗੱਲ ਹੈ। ਮਲੋਟ ਵਿਖੇ 10—15 ਕਿਲੋ-ਮੀਟਰ ਤੇ ਕੋਈ ਹਾਈ ਸਕੂਲ ਨਹੀਂ ਹੈ। ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਹੈਲਥ ਮਨਿਸਟਰ ਸਾਹਿਬ ਬੈਠੇ ਹਨ। ਮੈਂ ਇਨ੍ਹਾਂ ਨੂੰ ਵੀ ਬੇਨਤੀ ਕੀਤੀ ਸੀ ਔਰ ਅੱਜ ਫਿਰ ਬੇਨਤੀ ਕਰਦਾ ਹਾਂ ਕਿ ਮਲੋਟ ਬਹੁਤ ਅੱਛਾ ਸ਼ਹਿਰ ਹੈ, ਬਹੁਤ ਅੱਛੀ ਮੰਡੀ ਹੈ। ਉਥੇ 70,000 ਦੀ ਆਬਾਦੀ ਹੈ।

**Expunged as ordered by the Chair.

[ਸ਼੍ਰੀ ਸ਼ਿਵ ਚੰਦ ਮਲੋਟ]

ਉਥੇ ਹਸਪਤਾਲ ਦਾ ਬਹੁਤ ਬੁਰਾ ਹਾਲ ਹੈ। ਉਥੇ ਮੇਰਾ ਖਿਆਲ ਹੈ ਕਿ ਇਥੇ ਛੋਟਾ ਜਿਹਾ ਕਮਰਾ ਹੋਵੇਗਾ। ਉਸ ਹਸਪਤਾਲ ਦੀ ਬਿਲਡਿੰਗ ਬਣਾ ਦੇਣੀ ਚਾਹੀਦੀ ਹੈ। ਉਥੇ ਐਸ.ਐਮ.ਓ. ਔਰ ਡਾਕਟਰ ਭੇਜ ਦਿਓ। ਅਗਰ ਉਥੇ ਡਾਕਟਰ ਭੇਜ ਦਿੱਤੇ ਜਾਣਗੇ ਤਾਂ ਲੋਕ ਤੁਹਾਨੂੰ ਦੁਆਵਾਂ ਦੇਣਗੇ। ਅੱਜ ਤੁਸੀਂ ਹੈਲਥ ਮਨਿਸਟਰ ਹੋ, ਕੱਲ੍ਹ ਨੂੰ ਦੂਜੀ ਕੁਰਸੀ ਤੇ ਜਾ ਸਕਦੇ ਹੋ। ਇਸ ਲਈ ਇਹ ਕੰਮ ਕਰ ਦਿਓ (ਘੰਟੀ) ਗਿੱਦੜਬਾਹਾ ਦਾ ਮੈਂ ਰਹਿਣ ਵਾਲਾ ਹਾਂ। ਚੇਅਰਮੈਨ ਸਾਹਿਬ, ਉਥੇ ਹਸਪਤਾਲ ਦੀ ਬਿਲਡਿੰਗ ਬੜੀ ਡੈਮੇਜ ਹੋਈ ਪਈ ਹੈ। ਪਹਿਲਾਂ ਉਥੇ ਸਰਾਂ ਹੁੰਦੀ ਸੀ। ਇੱਕ ਮਹੰਤ ਨੇ 25 ਲੱਖ ਰੁਪਏ ਦੀ ਜ਼ਮੀਨ ਦੀ ਸ਼ਕਲ ਵਿਚ ਡੋਨੇਸ਼ਨ ਦਿੱਤੀ ਹੈ। ਐਡਮਨਿਸਟ੍ਰੇਟਿਵ ਅਪਰੂਵਲ 35 ਲੱਖ ਦੀ ਹੋਈ ਹੋਈ ਹੈ। ਪਰ ਫਾਈਲ ਦਾ ਪਤਾ ਨਹੀਂ ਕਿਥੇ ਹੈ। ਖਾਲਸਾ ਜੀ ਉਥੇ ਕੋਈ ਐਸ.ਐਮ.ਓ. ਨਹੀਂ ਹੈ। ਮਰੀਜ਼ ਮਰ ਰਿਹਾ ਹੈ। ਵੱਡਾ ਜ਼ਿਮੀਂਦਾਰ ਤਾਂ ਲੁਧਿਆਣਾ ਜਾਂ ਪਟਿਆਲਾ ਦੇ ਹਸਪਤਾਲਾਂ ਵਿਚ ਜਾਕੇ ਇਲਾਜ ਕਰਾ ਸਕਦਾ ਹੈ। ਪਰ ਹਰੀਜਨ ਗਰੀਬ ਕਿਥੇ ਜਾਏ ? ਉਸ ਨੂੰ ਉਥੇ ਇੰਤਜ਼ਾਮ ਕਰਾਕੇ ਇਲਾਜ ਮਿਲਣਾ ਚਾਹੀਦਾ ਹੈ। (ਘੰਟੀ)

ਸ਼੍ਰੀ ਸਭਾਪਤੀ : ਤੁਸੀਂ ਬੈਠੋ।

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ (ਕੁੰਮ ਕਲਾਂ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਡੀਮਾਂਡ ਨੰ: 10 ਤੇ ਬੋਲਣਾ ਚਾਹੁੰਦਾ ਹਾਂ ਜੋ ਡਿਸਟ੍ਰਿਕਟ ਐਡਮਨਿਸਟਰੇਸ਼ਨ ਨਾਲ ਸਬੰਧ ਰਖਦੀ ਹੈ ਅਤੇ ਜਿਸ ਲਈ 3,45,00,000 ਰੁਪਏ ਦੀ ਮੰਗ ਕੀਤੀ ਗਈ ਹੈ। ਇਥੇ ਡਾਕਟਰ ਸਾਹਿਬ ਨੇ ਗੱਲ ਸ਼ੁਰੂ ਕੀਤੀ ਹੈ ਔਰ ਮੈਂ ਸਵਾਲ ਰੱਖਦਾ ਹਾਂ ਔਰ ਇਸ ਦਾ ਜਵਾਬ ਮੰਗਦਾ ਹਾਂ। ਮੇਰੀ ਗੱਲ ਧਿਆਨ ਨਾਲ ਸੁਣ ਕੇ ਇਸ ਦਾ ਜਵਾਬ ਦਿਓ। ਚੇਅਰਮੈਨ ਸਾਹਿਬ, 26 ਜੁਲਾਈ, 1981 ਨੂੰ ਇੱਕ ਵਿਧਾਨਿਕ ਤਰੀਕੇ ਨਾਲ ਆਰਟੀਕਲ 19 ਅਧੀਨ ਕਾਂਸਟੀਚਿਊਸ਼ਨ ਦੇ ਸ਼੍ਰੋਮਣੀ ਅਕਾਲੀ ਦਲ ਨੇ ਧਮਾਕਾ ਕੀਤਾ। ਇੱਕ ਮੰਗ ਚਾਰਟਰ ਤਿਆਰ ਕੀਤਾ, ਡੀਮਾਂਡਜ਼ ਰਖੀਆਂ। ਇਹ ਉਹੀ ਡੀਮਾਂਡਜ਼ ਸਨ ਜੋ ਕਿ ਅੱਜ ਸੈਂਟਰ ਦੀ ਸਰਕਾਰ ਨੇ ਪਰਵਾਨ ਕੀਤੀਆਂ। ਅਗਰ ਉਹ ਡੀਮਾਂਡਜ਼ ਉਦੋਂ ਪਰਵਾਨ ਕਰ ਲਈਆਂ ਜਾਂਦੀਆਂ ਜਿਹੜੀਆਂ ਕਿ ਹੁਣ ਪਰਵਾਨ ਕੀਤੀਆਂ ਹਨ ਤਾਂ ਕੋਈ ਪਹਾੜ ਨਹੀਂ ਡਿਗ ਜਾਣਾ ਸੀ। ਵਿਧਾਨਿਕ ਤਰੀਕੇ ਨਾਲ, ਕਾਨੂੰਨੀ ਤਰੀਕੇ ਨਾਲ ਸਰਕਾਰ ਨੂੰ ਨੋਟਿਸ ਦਿੱਤਾ ਗਿਆ। 42 ਦਿਨਾਂ ਦਾ ਨੋਟਿਸ ਦਿੱਤਾ ਗਿਆ ਕਿ ਸਰਕਾਰ ਸਾਡੀਆਂ ਡੀਮਾਂਡਜ਼ ਤੇ ਵਿਚਾਰ ਕਰੇ ਔਰ ਕਿਉਂਕਿ ਸਾਡੀਆਂ ਡੀਮਾਂਡਜ਼ ਦਰੁਸਤ ਹਨ, ਇਸ ਲਈ ਇਨ੍ਹਾਂ ਨੂੰ ਪਰਵਾਨ ਕਰੇ। ਪਰ ਅਫਸੋਸ ਦੀ ਗੱਲ ਹੈ ਕਿ ਸੈਂਟਰ ਦੀ ਸਰਕਾਰ ਨੇ ਉਸ ਲਈ ਐਕਨਾਲਿਜਮੈਂਟ ਭੇਜਣਾ ਵੀ ਬੇਹਤਰ ਨਹੀਂ ਸਮਝਿਆ। ਸੰਤ ਬਾਬਾ ਲੌਂਗੋਵਾਲ ਜੀ ਜੋ ਉਸ ਵੇਲੇ ਧਾਰਮਿਕ ਨੇਤਾ ਥਾਪੇ ਗਏ, ਉਨ੍ਹਾਂ ਨੇ ਇਲਾਨ ਕੀਤਾ ਕਿ ਅਗਰ 7 ਸਤੰਬਰ, 1981 ਤਕ ਸਾਡੀਆਂ ਮੰਗਾਂ ਪਰਵਾਨ ਨਾ ਹੋਈਆਂ ਤਾਂ ਸ਼ਾਂਤਮਈ ਤਰੀਕੇ ਨਾਲ ਦਿੱਲੀ ਵਿਚ ਜਲੂਸ ਕਢਾਂਗੇ। ਇਹ ਵੀ ਕਿਹਾ ਗਿਆ ਕਿ ਜਲੂਸ ਕੱਢਣ ਵੇਲੇ ਕੋਈ ਵੀ ਵਰਕਰ ਨਾ ਅਕਾਲੀ ਦਲ ਦੇ ਹੱਕ ਵਿਚ, ਨਾ ਡੀਮਾਂਡਜ਼ ਦੇ ਹੱਕ ਵਿਚ ਔਰ ਨਾ ਕਿਸੇ ਹੋਰ ਚੀਜ਼ ਦੇ ਹੱਕ ਵਿਚ ਨਾਅਰੇ ਲਗਾਏਗਾ। ਉਹ ਸਤਿਗੁਰੂ ਦਾ ਜਾਪ ਕਰਦੇ ਹੋਏ ਦਿੱਲੀ ਵਿਚ ਮਾਰਚ ਕਰਨਗੇ। ਸਾਡੇ ਕਮਾਂਡਰ ਨੇ ਜਿਸ ਤਰ੍ਹਾਂ ਬਿਹਤਰ ਸਮਝਿਆ, ਉਸੇ ਤਰ੍ਹਾਂ ਹੀ ਹਦਾਇਤ ਕੀਤੀ। ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮਿਤੀ 7 ਸਤੰਬਰ, 1981 ਨੂੰ ਜਦੋਂ ਸਾਡੇ ਵਰਕਰ ਦਿੱਲੀ ਵਿਚ ਮਾਰਚ ਕਰਨ ਵਾਸਤੇ ਗਏ ਤਾਂ ਜੀ.ਟੀ. ਰੋਡ ਬੰਦ ਕਰ ਦਿੱਤੀ ਗਈ, ਰੇਲਵੇ ਬੰਦ ਕਰ ਦਿੱਤੀ ਗਈ। ਅਕਾਲੀ ਦਲ ਦੇ ਵਰਕਰਾਂ ਨੂੰ ਜੋ ਵੀ ਹਰਿਆਣਾ ਵਿਚੋਂ

ਲੰਘਿਆ ਉਸ ਦੀ ਬੇਇਜ਼ਤੀ ਕੀਤੀ ਗਈ, ਉਸ ਨੂੰ ਜ਼ਲੀਲ ਕੀਤਾ ਗਿਆ। ਮੈਂ ਆਪਣਾ ਪਰਸਨਲ ਐਕਸਪੀਰੀਐਂਸ ਦੱਸਣਾ ਚਾਹੁੰਦਾ ਹਾਂ। ਮੇਰਾ ਸਮਰਾਲੇ ਨਾਲ ਸਬੰਧ ਹੈ। ਮੈਂ ਰੋਪੜ ਨੂੰ ਕੰਟੈਕਟ ਕੀਤਾ, ਪਟਿਆਲਾ ਨੂੰ ਕੰਟੈਕਟ ਕੀਤਾ। ਮੈਂ ਕਿਹਾ ਕਿ ਸਾਡਾ ਵਿਧਾਨਿਕ ਹੱਕ ਹੈ ਆਰਟੀਕਲ-19 ਅਧੀਨ ਕਿ ਮਾਰਚ ਕਰਕੇ ਅਸੀਂ ਦਿੱਲੀ ਜਾ ਸਕਦੇ ਹਾਂ। ਸਾਡਾ ਰਸਤਾ ਕਿਉਂ ਰੋਕਿਆ ਜਾ ਰਿਹਾ ਹੈ। ਜਦੋਂ ਸਾਡਾ ਟਰੱਕ ਸ਼ੰਭੂ ਪੁੱਜਿਆ ਤਾਂ ਸਾਨੂੰ ਅੱਗੇ ਨਹੀਂ ਜਾਣ ਦਿੱਤਾ ਗਿਆ। ਪਗਡੰਡੀ ਤੋਂ ਹੁੰਦੇ ਹੋਏ ਗੰਦੇ ਪਾਸਿਉਂ ਗਏ। ਰਾਤ ਨੂੰ ਪਤਾ ਲੱਗਾ ਕਿ ਅੰਬਾਲਾ ਪੁੱਜੇ ਹਾਂ। ਲੰਡਵੇ, ਪਿਪਲੀ ਪੁੱਜੇ ਅਤੇ ਫਿਰ ਮਧੂਬਨ ਰਾਤ ਦੇ 2 ਵਜੇ ਪੁੱਜੇ। ਉਜਾੜ ਵਿਚ ਜਾਕੇ ਸਾਡਾ ਟਰੱਕ ਘੇਰਿਆ ਗਿਆ। ਉਥੇ ਅੰਧਾ ਧੁੰਧ ਗੋਲੀ ਚਲਾਈ ਗਈ ਜਿਸ ਨਾਲ 6 ਸਿੰਘ ਸ਼ਹੀਦ ਹੋਏ (ਵਿਘਨ) ਉਸ ਵਕਤ ਪਾਰਲੀਮੈਂਟ ਦਾ ਸੈਸ਼ਨ ਚਲਦਾ ਸੀ। ਉਥੇ ਇਹ ਦੁਹਾਈ ਪਾਈ ਗਈ ਕਿ ਜਦੋਂ ਸੀ.ਪੀ.ਆਈ. ਔਰ ਸੀ.ਪੀ.ਐਮ. ਵਾਲੇ ਇਥੇ ਐਜੀ-ਟੇਸ਼ਨ ਕਰ ਸਕਦੇ ਹਨ ਤਾਂ ਫਿਰ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਕਿਉਂ ਰੋਕਿਆ ਗਿਆ ਹੈ। ਇਸ ਬਾਰੇ ਪਾਰਲੀਮੈਂਟ ਵਿਚ ਸਵਾਲ ਉਠਾਇਆ ਗਿਆ। ਫਿਰ ਉਥੇ ਮੈਂਬਰ ਸਾਨੂੰ ਨਾਲ ਲੈ ਕੇ ਗਏ। ਉਸ ਵੇਲੇ ਨਾ ਪੰਜਾਬ ਵਿਚ ਕੋਈ ਕਤਲ ਹੋਇਆ ਸਿਆਸੀ ਤੌਰ ਤੇ, ਨਾ ਪੰਜਾਬ ਵਿਚ ਡਾਕਾ ਪਿਆ ਔਰ ਨਾ ਹੀ ਅੱਤ-ਵਾਦ, ਵੱਖ-ਵਾਦ ਦਾ ਜਨਮ ਹੋਇਆ, ਨਾ ਪੰਜਾਬ ਵਿਚ ਅਨ-ਸੁਖਾਵੀਂ ਕੋਈ ਘਟਨਾ ਹੋਈ। ਇਸ ਦੇ ਬਾਵਜੂਦ ਫਿਰ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਰੋਕਿਆ ਕਿਉਂ ਗਿਆ। ਉਨ੍ਹਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ। ਉਹ ਸ਼ਾਂਤਮਈ ਤਰੀਕੇ ਨਾਲ ਐਜੀਟੇਸ਼ਨ ਕਰਨਾ ਚਾਹੁੰਦੇ ਸਨ। ਇਥੇ ਹੀ ਬੱਸ ਨਹੀਂ ਲਗਾਤਾਰ ਉਸ ਵਕਤ ਅਸੀਂ ਇਨਕੁਆਇਰੀ ਦੀ ਮੰਗ ਕੀਤੀ। ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਇਹ ਆਖਿਆ ਕਿ ਸਾਡੀ ਐਜੀਟੇਸ਼ਨ ਨੂੰ ਖਰਾਬ ਕਰਨ ਵਾਸਤੇ ਸੈਂਟਰ ਦੀ ਸਰਕਾਰ ਸਾਡੇ ਤੇ ਤਸ਼ੱਦਦ ਕਰਨਾ ਚਾਹੁੰਦੀ ਹੈ। ਮਿਤੀ 9 ਸਤੰਬਰ, 1981 ਨੂੰ ਲਾਲਾ ਜਗਤ ਨਾਰਾਇਣ ਦਾ ਕਤਲ ਹੋਇਆ। ਉਸ ਲਈ ਬਾਬਾ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਇਨਕੁਆਇਰੀ ਦੀ ਮੰਗ ਕੀਤੀ ਲੇਕਿਨ ਉਸ ਬਾਰ ਇਨਕੁਆਇਰੀ ਨਹੀਂ ਕੀਤੀ ਗਈ ਬਲਕਿ ਸਾਡੇ ਧਾਰਮਿਕ ਨੇਤਾ ਨੂੰ ਤੰਗ ਕਰਨ ਦੀ ਕੋਸ਼ਿਸ਼ ਕੀਤੀ ਗਈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕੀਤਾ ਅਤੇ ਫਿਰ ਕੰਡੀਸ਼ਨ ਲਗਾਈ। ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਉਹ ਇਸ ਨਾਲ ਸਬੰਧਤ ਨਹੀਂ ਅਤੇ ਇਹ ਜਾਣ ਬੁੱਝ ਕੇ ਮਾਮਲਾ ਵਿਗਾੜਿਆ ਜਾ ਰਿਹਾ ਹੈ। ਉਸ ਦੀ ਇਨਕੁਆਇਰੀ ਕੀਤੀ ਗਈ, ਸੀ.ਬੀ.ਆਈ. ਅਤੇ ਬਾਕੀ ਇੰਟੈਲੀਜੈਂਸ ਏਜੰਸੀਆਂ ਨੇ ਇਨਕੁਆਇਰੀ ਕਰਨ ਤੋਂ ਬਾਅਦ ਭਿੰਡਰਾਂਵਾਲੇ ਨੂੰ ਬਿਨਾਂ ਕੰਡੀਸ਼ਨ ਛੱਡਿਆ ਗਿਆ। ਉਨ੍ਹਾਂ ਨੂੰ ਅਦਾਲਤ ਨੇ ਬਰੀ ਕੀਤਾ। ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਸਿਰਫ ਕੰਡੈਮ ਹੀ ਨਹੀਂ ਕੀਤਾ, ਇਸ ਦੀ ਇਨਕੁਆਇਰੀ ਦੀ ਮੰਗ ਕੀਤੀ। (ਵਿਘਨ) ਮੈਨੀ-ਫੈਸਟੋ ਵਿਚ ਜੋ ਗੱਲਾਂ ਹਨ ਉਹ ਗੱਲਾਂ ਪੂਰੀਆਂ ਕਰਾਂਗੇ। ਆਖਿਰ ਨੂੰ ਕੰਡੀਸ਼ਨ ਇਹ ਹੋਈ ਕਿ ਦਰਬਾਰ ਸਾਹਿਬ ਤੇ ਅਟੈਕ ਕਰ ਦਿਤਾ। ਫੌਜ ਸਿਵਿਲ ਐਡਮਨਿਸਟ੍ਰੇਸ਼ਨ ਦੀ ਮੱਦਦ ਵਾਸਤੇ ਆ ਸਕਦੀ ਹੈ ਪਰ ਇਸ ਤਰ੍ਹਾਂ ਦਰਬਾਰ ਸਾਹਿਬ ਵਿਚ ਡਾਇਰੈਕਟ ਐਕਸ਼ਨ ਜੋ ਫੌਜ ਵਲੋਂ ਕੀਤਾ ਗਿਆ, ਇਹ ਠੀਕ ਨਹੀਂ ਸੀ। ਫੌਜ ਨੇ ਦਰਬਾਰ ਸਾਹਿਬ ਤੇ ਡਾਇਰੈਕਟ ਐਕਸ਼ਨ ਕੀਤਾ। ਦੋ ਢਾਈ ਸੌ ਆਦਮੀਆਂ ਨੂੰ ਗ੍ਰਿਫਤਾਰ ਕਰਨਾ ਹੁੰਦਾ ਤਾਂ ਉਸ ਦੇ ਲਈ ਹੋਰ ਬਹੁਤ ਸਾਰੇ ਤਰੀਕੇ ਸਨ। ਤੁਹਾਨੂੰ ਪਤਾ ਹੈ ਸਾਰਾ ਸਮੁੰਦਰ ਫਰੋਲ ਮਾਰਿਆ ਹੈ, ਚੰਨ ਅਤੇ ਤਾਰਿਆਂ ਤੇ ਚੜ੍ਹ ਗਏ ਹਾਂ। ਮੇਰਾ ਮਤਲਬ ਹੈ ਕਿ ਜੇ ਇਨ੍ਹਾਂ ਦੋ ਢਾਈ ਸੌ ਬੰਦਿਆਂ ਨੂੰ ਗ੍ਰਿਫਤਾਰ ਕਰਨਾ ਹੁੰਦਾ ਤਾਂ ਉਸ ਦੇ ਲਈ ਹੋਰ ਬਹੁਤ ਸਾਰੇ ਤਰੀਕੇ ਸਨ। ਫਿਰ ਸ਼੍ਰੋਮਣੀ ਅਕਾਲੀ ਦਲ ਨੇ 3 ਜੂਨ, 1984 ਨੂੰ ਐਜੀਟੇਸ਼ਨ ਸ਼ੁਰੂ ਕੀਤੀ ਕਿਉਂਕਿ ਪਹਿਲਾਂ ਐਕਸ਼ਨ ਦਿੰਦੇ ਰਹੇ ਜੋ ਕਿ ਬੜੇ ਸ਼ਾਂਤਮਈ ਤਰੀਕੇ ਨਾਲ ਚਲਦੇ ਰਹੇ। ਬੜੇ ਪ੍ਰੋਟੈਸਟ ਹੋਏ। ਜਦ ਸਿਵਿਲ ਨਾਫੁਰਮਾਨੀ ਅਨਾਊਂਸ ਕੀਤੀ ਤਾਂ

[ਸਰਦਾਰ ਰਾਜਿੰਦਰ ਸਿੰਘ ਧਾਲੀਵਾਲ]

ਸਰਕਾਰ ਨੇ ਸੋਚਿਆ ਕਿ ਇਹ ਕਿਸੇ ਤਰ੍ਹਾਂ ਕਾਮਯਾਬ ਨਾ ਹੋ ਜਾਵੇ। ਸ਼੍ਰੋਮਣੀ ਅਕਾਲੀ ਦਲ ਨੇ 3 ਜੂਨ, 1984 ਨੂੰ ਅਨਾਊਂਸ ਕੀਤਾ ਕਿ ਅਨਾਜ ਪੰਜਾਬ ਤੋਂ ਬਾਹਰ ਨਹੀਂ ਜਾਣ ਦਿਆਂਗੇ। ਉਸ ਨੂੰ ਤਾਰਪੀਡੋ ਕਰਨ ਵਾਸਤੇ ਦਰਬਾਰ ਸਾਹਿਬ ਤੇ ਅਟੈਕ ਕੀਤਾ ਤਾਕਿ ਅਕਾਲੀ ਦਲ ਨੂੰ ਹੋਰ ਪਾਸੇ ਉਲਝਾਇਆ ਜਾਵੇ। ਮੈਨੂੰ ਬਤੌਰ ਐਕਟਿੰਗ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕੰਮ ਕਰਨ ਦਾ ਮੌਕਾ ਮਿਲਿਆ ਹੈ। ਬੜੇ ਦੁੱਖ ਦੀ ਗੱਲ ਹੈ ਸਾਡੇ ਕੋਲ 540 ਰਿਪੋਰਟਾਂ ਆਈਆਂ। ਇਨ੍ਹਾਂ ਵਿਚ ਅੱਠ ਰਿਪੋਰਟਾਂ ਐਸੀਆਂ ਸਨ ਜਿਨ੍ਹਾਂ ਵਿਚ ਨੌਜਵਾਨਾਂ ਨੂੰ ਉਨ੍ਹਾਂ ਦੇ ਪਿਛੇ ਹੱਥ ਬੰਨ੍ਹ ਕੇ ਮਾਰਿਆ ਗਿਆ। ਪੋਸਟਮਾਰਟਮ ਦੀਆਂ ਰਿਪੋਰਟਾਂ ਦੇ ਮੁਤਾਬਿਕ 80 ਦੀ ਇੰਜਰੀਜ਼ ਜੋ ਮੈਂ ਪੜ੍ਹੀਆਂ ਹਨ ਉਹ ਕਿਸੇ ਦੀ ਛਾਤੀ ਵਿਚ, ਕਿਸੇ ਦੇ ਮੋਢੇ ਵਿਚ, ਕਿਸੇ ਦੇ ਸਿਰ ਆਦਿ ਵਿਚ ਇੰਜਰੀਜ਼ ਸਨ। ਇਨ੍ਹਾਂ ਵਿਚ ਕਿਸੇ ਨੂੰ ਖੜ੍ਹੇ ਕਰਕੇ ਮਾਰਿਆ ਗਿਆ ਅਤੇ ਕਿਸੇ ਨੂੰ ਕਿਸੇ ਤਰੀਕੇ ਨਾਲ ਮਾਰਿਆ ਗਿਆ। ਜਿਹੜਾ ਮੇਰੇ ਵਰਗਾ ਮਧਰੇ ਕੱਦ ਦਾ ਸੀ ਉਸ ਦੇ ਮੱਥੇ ਵਿਚ ਗੋਲੀ ਮਾਰੀ ਗਈ ਅਤੇ ਜਿਹੜਾ ਲੰਬੇ ਕੱਦ ਦਾ ਸੀ ਉਸ ਦੀ ਛਾਤੀ ਵਿਚ ਗੋਲੀ ਮਾਰੀ ਗਈ। 6 ਤਾਰੀਖ ਨੂੰ ਦਰਬਾਰ ਸਾਹਿਬ ਤੇ ਮੁਕੰਮਲ ਕਬਜ਼ਾ ਹੋ ਗਿਆ। ਲੇਕਿਨ 7 ਤਾਰੀਖ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਰਿਕਾਰਡ ਸਾੜਿਆ ਗਿਆ। ਸ਼੍ਰੋਮਣੀ ਅਕਾਲੀ ਦਲ ਦਾ ਰਿਕਾਰਡ ਸਾੜਿਆ ਗਿਆ। ਲਾਇਬ੍ਰੇਰੀ ਸਾੜੀ ਗਈ। ਅੱਜ ਇਹ ਜਿਹੜੀ ਜ਼ਖਮਾਂ ਤੇ ਮਲ੍ਹਮ ਲਾਉਣ ਦੀ ਗੱਲ ਹੁੰਦੀ ਹੈ, ਇਹ ਕਿਉਂ ਹੈ ? ਸ੍ਰੀਮਤੀ ਇੰਦਰਾ ਗਾਂਧੀ ਨੇ ਜੋ ਮਲ੍ਹਮ ਲਾਈ ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਉਸ ਨੂੰ ਪਤਾ ਸੀ ਕਿ ਸਿੱਖਾਂ ਦੇ ਜਜ਼ਬਾਤ ਭੜਕ ਗਏ ਹਨ ਅਤੇ ਸਿੱਖਾਂ ਦੇ ਜ਼ਖਮ ਹੋ ਚੁੱਕੇ ਹਨ ਇਸ ਲਈ ਉਸ ਨੇ ਸਿੱਖਾਂ ਦੇ ਜ਼ਖਮਾਂ ਤੇ ਮਲ੍ਹਮ ਲਾਉਣ ਲਈ ਸੰਤਾ ਸਿੰਘ ਨੂੰ ਅਕਾਲ ਤਖਤ ਦੀ ਸੇਵਾ ਤੇ ਲਾ ਦਿੱਤਾ। ਮੈਂ ਬਤੌਰ ਐਕਟਿੰਗ ਪ੍ਰਧਾਨ ਐਸ .ਜੀ.ਪੀ.ਸੀ. ਫੈਸਲਾ ਕੀਤਾ ਕਿ ਅਸੀਂ ਕਾਰ ਸੇਵਾ ਕਰਨਾ ਚਾਹੁੰਦੇ ਹਾਂ ਲੇਕਿਨ ਸਾਨੂੰ ਇਜਾ-ਜ਼ਤ ਨਹੀਂ ਦਿੱਤੀ । ਜਿਸ ਨੂੰ ਸਿੱਖ ਪੰਥ ਨੇ ਤਨਖਾਹੀਆ ਕਰਾਰ ਦਿੱਤਾ ਸੀ ਉਸ ਨੂੰ ਸੱਦ ਕੇ ਕਾਰ ਸੇਵਾ ਸੰਭਾਲ ਦਿੱਤੀ। ਸਾਡੀਆਂ ਵਿਸ਼ਿਜ਼ ਦੇ ਅਗੇਂਸਟ, ਸਿੱਖ ਪੰਥ ਦੀ ਮਰਿਆਦਾ ਦੇ ਖਿਲਾਫ ਕਾਰ ਸੇਵਾ ਕੀਤੀ ਗਈ। ਅਕਾਲ ਤਖਤ ਸਾੜਿਆ ਗਿਆ। ਸਿੱਖ ਧਰਮ ਦੀਆਂ ਜੋ ਪਰੰਪਰਾਵਾਂ ਹਨ ਉਨ੍ਹਾਂ ਨੂੰ ਤੋੜਿਆ ਗਿਆ। ਸਰਬੱਤ ਖਾਲਸਾ ਨੂੰ ਸਿਰਫ ਅਕਾਲ ਤਖਤ ਦਾ ਜਥੇਦਾਰ ਸੱਦ ਸਕਦਾ ਹੈ। ਸਿੱਖ ਮਰਿਆਦਾ ਅਨੁਸਾਰ, ਪਵਿੱਤਰ ਮਰਿਆਦਾ ਅਨੁਸਾਰ ਸਰਬੱਤ ਖਾਲਸੇ ਦਾ ਇਕੱਠ ਅਕਾਲ ਤਖਤ ਤੇ ਸੱਦਿਆ ਜਾ ਸਕਦਾ ਹੈ ਲੇਕਿਨ ਸਰਕਾਰ ਨੇ ਆਪਣੀ ਮਦਦ ਨਾਲ ਭਈਏ ਇਕੱਠੇ ਕਰਕੇ ਅਤੇ ਜਿਨ੍ਹਾਂ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ ਉਸ ਦਾ ਸਰਬੱਤ ਖਾਲਸੇ ਦਾ ਇਕੱਠ ਸੱਦਿਆ। ਇਹ ਸਾਰਾ ਕੁਝ ਇਸ ਲਈ ਕੀਤਾ ਗਿਆ ਤਾਕਿ ਸਿੱਖ ਕੌਮ ਨੂੰ ਮਾਰਿਆ ਜਾਵੇ। ਇਹ ਹਿੰਦੂ ਸਿੱਖ ਵਿਚ ਡਿਫਰੈਂਸਿਜ਼ ਪੈਦਾ ਕਰਕੇ ਫਾਇਦਾ ਉਠਾਉਣਾ ਚਾਹੁੰਦੇ ਸਨ। ਇਹ ਅਜਿਹੇ ਕੰਮ ਕਰਕੇ ਹਿੰਦੂ ਅਤੇ ਸਿੱਖ ਨੂੰ ਆਪਸ ਵਿਚ ਲੜਾ ਕੇ ਅਤੇ ਹਿੰਦੂਆਂ ਦੇ ਰਾਖੇ ਬਣਕੇ ਲੋਕ ਸਭਾ ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਨਾ ਚਾਹੁੰਦੇ ਸਨ। ਇਨ੍ਹਾਂ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਬਦਨਾਮ ਕਰਕੇ ਵੋਟਾਂ ਪ੍ਰਾਪਤ ਕੀਤੀਆਂ। ਅਨੰਦਪੁਰ ਸਾਹਿਬ ਦੇ ਉਨ੍ਹਾਂ ਸ਼ਬਦਾਂ ਦੀ ਜਿਨ੍ਹਾਂ ਬਾਰੇ ਇਹ ਐਨਾ ਕੁਝ ਕਹਿੰਦੇ ਰਹੇ, ਦੋ ਚਾਰ ਦਸ ਦਿਨਾਂ ਵਿਚ ਇਨਟਰਪਰੇਟੇਸ਼ਨ ਹੋ ਸਕਦੀ ਹੈ, ਲਿਖਤੀ ਰੂਪ ਵਿਚ ਜਾਂ ਉਹ ਟੇਪ ਹੋ ਸਕਦੀ ਹੈ ਪਰ ਇਨ੍ਹਾਂ ਨੇ ਉਨ੍ਹਾਂ ਦੋ ਸ਼ਬਦਾਂ ਦੀ ਇੰਟਰਪਰੇਟੇਸ਼ਨ ਵਾਸਤੇ 4 ਸਾਲ ਲਾ ਦਿੱਤੇ। ਪਰ ਇਲੈਕਸ਼ਨ ਜਿੱਤਣ ਤੋਂ ਬਾਅਦ ਸਭ ਕੁਝ ਠੀਕ ਹੋ ਗਿਆ। ਉਹੀ ਚੀਜ਼ ਕਮਿਸ਼ਨ ਦੇ ਹਵਾਲੇ ਕਰ ਦਿੱਤੀ। ਇਹ ਸਭ ਕੁਝ ਕਿਉਂ ਹੋਇਆ ? ਜਦ ਅਸੀਂ ਕਹਿੰਦੇ ਸੀ ਤਾਂ ਉਦੋਂ ਇਹ ਮੰਨੇ ਨਹੀਂ ਪਰ ਬਾਅਦ ਵਿਚ ਉਹੀ ਚੀਜ਼ ਕਮਿਸ਼ਨ ਦੇ ਹਵਾਲੇ ਕੀਤੀ ਗਈ। (ਵਿਘਨ) ਅਸੀਂ ਕਿਸੇ ਨੂੰ ਮਾੜਾ

ਨਹੀਂ ਕਿਹਾ, ਕਿਸੇ ਨੂੰ ਗਾਲੀ ਨਹੀਂ ਕੱਢੀ। ਬੜੇ ਸ਼ਾਂਤਮਈ ਤਰੀਕੇ ਨਾਲ ਚੱਲਦੇ ਰਹੇ। ਉਸ ਦੇ ਬਾਅਦ 'ਸੜਕ ਰੋਕਣ' ਦਾ ਪ੍ਰੋਗਰਾਮ ਬਣਾਇਆ। ਲੋਕੀਂ ਸਤਿਨਾਮ ਵਾਹਿਗੁਰੂ ਜਪਦੇ ਅਤੇ ਚੌਪਈ ਦਾ ਪਾਠ ਕਰਕੇ ਸੜਕਾਂ ਤੇ ਬੈਠੇ ਰਹੇ। 'ਰੇਲ' ਰੋਕੋ' ਪ੍ਰੋਗਰਾਮ ਸਮੇਂ ਕੋਈ ਅਣਸੁਖਾਵੀਂ ਘਟਨਾ ਨਹੀਂ ਹੋਈ। ਢਾਈ ਲੱਖ ਤੋਂ ਵੱਧ ਗ੍ਰਿਫਤਾਰੀਆਂ ਕੀਤੀਆਂ ਗਈਆਂ। ਇਸ ਤੋਂ ਵੱਧ ਸ਼ਾਂਤਮਈ ਹੋਰ ਕੀ ਹੋ ਸਕਦਾ ਹੈ। ਜਦੋਂ 'ਸੜਕ ਰੋਕੋ' ਪ੍ਰੋਗਰਾਮ ਚੱਲ ਰਿਹਾ ਸੀ ਤਾਂ ਪੁਲਿਸ ਨੇ 26 ਸਿੰਘ ਸ਼ਹੀਦ ਕਰ ਦਿੱਤੇ।

ਸ੍ਰੀ ਸਭਾਪਤੀ : ਤੁਸੀਂ ਦੋ ਮਿੰਟਾਂ ਵਿਚ ਖਤਮ ਕਰੋ ਜੀ।

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ: ਠੀਕ ਹੈ ਜੀ, ਮੈਂ ਖਤਮ ਕਰਦਾ ਹਾਂ। ਸਾਨੂੰ ਵਿਚਾਰਨਾ ਚਾਹੀਦਾ ਹੈ ਕਿ ਜਿਨ੍ਹਾਂ ਘਟਨਾਵਾਂ ਦੇ ਕਾਰਨ ਸਾਨੂੰ ਇਹ ਕੰਪੈਨਸੇਸ਼ਨ ਲੈਣਾ ਪੈਂਦਾ ਹੈ ਉਹ ਅਵਾਇਡ ਹੋ ਸਕਣ। ਇਹ ਵਿਚਾਰਿਆ ਜਾਵੇ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨਾ ਹੋਣ। ਸਰਕਾਰ ਇਸ ਤੇ ਸੋਚੇ। ਹਰ ਇਕ ਨੂੰ ਵਿਧਾਨਿਕ ਹੱਕ ਹੈ ਐਜੀਟੇਸ਼ਨ ਕਰਨ ਦਾ। ਜੇ ਇਸ ਬਾਰੇ ਨਾ ਸੋਚਿਆ ਗਿਆ ਤਾਂ ਇਸ ਤਰ੍ਹਾਂ ਦੀਆਂ ਐਜੀਟੇਸ਼ਨਾਂ ਹੋਣਗੀਆਂ ਕਿਉਂਕਿ ਹਰ ਇਕ ਨੂੰ ਐਜੀਟੇਸ਼ਨ ਕਰਨ ਦਾ ਹੱਕ ਹੈ। ਇਸ ਦਾ ਮੁਨਾਸਿਬ ਹੱਲ ਸੋਚਿਆ ਜਾਵੇ।

ਦੂਜੀ ਡਿਮਾਂਡ ਨੰ: 23 ਹੈ। ਇਸ ਬਾਰੇ ਜੋ ਪਛੜੀਆਂ ਸ਼੍ਰੇਣੀਆਂ ਦੀ ਡਿਵੈਲਪਮੈਂਟ ਬਾਰੇ ਕਾਫੀ ਕੁਝ ਆਖਿਆ ਗਿਆ, ਮੈਂ ਇਸ ਦੀ ਸ਼ਲਾਘਾ ਕਰਦਾ ਹਾਂ। ਪਹਿਲੇ ਵੀ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਮੌਕਾ ਮਿਲਿਆ ਤਾਂ ਉਸ ਨੇ ਉਸ ਵਕਤ ਵਿਚ ਪਛੜੀਆਂ ਸ਼੍ਰੇਣੀਆਂ ਵਾਸਤੇ ਜੋ ਕੰਮ ਕੀਤੇ ਹਨ ਉਹ ਇਤਿਹਾਸ ਵਿਚ ਮਿਸਾਲ ਹਨ। ਇਕ ਕਾਰਪੋਰੇਸ਼ਨ ਕਾਇਮ ਕੀਤੀ ਅਤੇ ਹਰੀਜਨਾਂ ਲਈ ਧਰਮਸ਼ਾਲਾਵਾਂ ਦਾ ਪ੍ਰੋਗਰਾਮ ਬਣਾਇਆ। 1979 ਵਿਚ ਇਨ੍ਹਾਂ ਦੇ ਕੋਈ 4 ਪੀ.ਸੀ.ਐਸ. ਅਫਸਰ ਆਈ.ਏ.ਐਸ. ਅਫਸਰ ਬਣਾਏ। ਫਿਰ 35 ਪਰਮੋਟ ਕੀਤੇ ਪਰ ਕਾਂਗਰਸ ਸਰਕਾਰ ਨੇ ਕੋਈ ਪਰ-ਮੋਸ਼ਨ ਨਹੀਂ ਦਿੱਤੀ। ਉਸ ਦੇ ਬਾਅਦ 1984 ਵਿਚ 40 ਪੀ.ਸੀ.ਐਸ. ਅਫਸਰ ਵੱਖ ਵੱਖ ਥਾਵਾਂ ਤੇ ਲਾਏ, ਉਨ੍ਹਾਂ ਵਿਚ 25% ਸ਼ੈਡਿਊਲਡ ਕਾਸਟਸ ਹੋਣੇ ਚਾਹੀਦੇ ਸਨ। ਪਰ ਜਿਨ੍ਹਾਂ ਵਿਚੋਂ 3 ਲਾਏ ਗਏ। ਮੈਂ ਸਰਕਾਰ ਨੂੰ ਕਹਾਂਗਾ ਕਿ ਪਛੜੀਆਂ ਸ਼੍ਰੇਣੀਆਂ ਦਾ ਤੁਹਾਡਾ ਡਿਵੈਲਪਮੈਂਟ ਦਾ ਕੰਮ ਬੜਾ ਸ਼ਲਾਘਾਯੋਗ ਹੈ, ਇਨ੍ਹਾਂ ਦੀ ਡਿਵੈਲਪਮੈਂਟ ਵੱਲ ਹੋਰ ਧਿਆਨ ਦਿਓ। ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਟਾਈਮ ਦਿਤਾ ਹੈ, ਮੈਂ ਤੁਹਾਡਾ ਧੰਨਵਾਦੀ ਹਾਂ।

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ।)

ਸ੍ਰੀ ਸਭਾਪਤੀ: ਮੋਹਨ ਲਾਲ ਜੀ, ਤੁਸੀਂ 5 ਮਿੰਟ ਬੋਲ ਲਵੋ। ਬਾਕੀ ਜਿਹੜੇ ਮੈਂਬਰ ਸਾਹਿਬਾਨ ਰਹਿ ਗਏ ਹਨ, ਉਨ੍ਹਾਂ ਨੂੰ ਐਪਰੋਪਰੀਏਸ਼ਨ ਬਿਲ ਤੇ ਮੌਕਾ ਦਿੱਤਾ ਜਾਵੇਗਾ।

ਮਾਸਟਰ ਮੋਹਨ ਲਾਲ (ਪਠਾਨਕੋਟ) : ਚੇਅਰਮੈਨ ਸਾਹਿਬ, ਹਰ ਬੋਲਣ ਵਾਲੇ ਦੀ ਸਪੀਚ ਵਿਚ ਪਿਛਲੇ ਤਿੰਨ-ਚਾਰ ਸਾਲਾਂ ਵਿਚ ਪੰਜਾਬ ਵਿਚ ਜਿਹੜੇ ਮਾੜੇ ਹਾਲਾਤ ਰਹੇ ਉਨ੍ਹਾਂ ਦਾ ਜ਼ਿਕਰ ਆਇਆ ਹੈ। ਮੇਰੇ ਇਕ ਬਜ਼ੁਰਗ ਲੀਡਰ ਨੇ ਇਥੇ ਬਹੁਤ ਅੱਛੀ ਗੱਲ ਕੀਤੀ ਹੈ ਕਿ ਜਦੋਂ ਕੋਈ ਚੀਜ਼ ਭੁਲਣੀ ਹੋਵੇ ਤਾਂ ਉਦੋਂ ਕਿਹਾ ਜਾਂਦਾ ਹੈ ਕਿ ਜ਼ਖਮਾਂ ਤੇ ਮਲ੍ਹਮ ਲਾਉਣੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਇਸ ਗੱਲ ਦੀ ਲੋੜ ਹੈ ਕਿ ਸੋਚਿਆ ਜਾਵੇ ਕਿ ਇਹ ਹਾਲਾਤ ਪੈਦਾ ਕਿਸ ਤਰ੍ਹਾਂ ਹੁੰਦੇ ਹਨ।

[ਮਾਸਟਰ ਮੋਹਨ ਲਾਲ]

ਇਹ ਅੱਤਵਾਦੀ ਵੱਖ ਵਾਦੀ ਕਿਨ੍ਹਾਂ ਕਾਰਨਾ ਕਰ ਕੇ ਬਣਦੇ ਹਨ । ਇਕ ਵਾਰੀ ਹਾਊਸ ਇਸ ਗੱਲ ਉਤੇ ਵਿਚਾਰ ਕਰ ਲਵੇ ਕਿ ਇਸ ਦੀ ਜੁਡੀਸ਼ਲ ਇਨਕੁਆਇਰੀ ਕਰਵਾਈ ਜਾਣੀ ਚਾਹੀਦੀ ਹੈ । ਜਿਹੜੇ ਇਹੋ ਜਿਹਾ ਕੰਮ ਕਰਦੇ ਹਨ ਉਨ੍ਹਾਂ ਨੂੰ ਪਬਲਿਕ ਦੇ ਸਾਹਮਣੇ ਲਿਆਂਦਾ ਜਾਵੇ । ਮੈਂ ਕਹਾਂਗਾ ਕਿ ਹਾਊਸ ਵਿਚ ਐਸੀ ਐਸ਼ੋਰੈਂਸ ਦਿਤੀ ਜਾਵੇ ਕਿ ਜੁਡੀਸ਼ਲ ਇਨਕੁਆਇਰੀ ਕਰਵਾਈ ਜਾਵੇਗੀ ਅਤੇ ਇਹ ਜਿਹੜਾ ਬਾਰ ਬਾਰ ਇਸ ਤਰ੍ਹਾਂ ਦਾ ਜ਼ਿਕਰ ਹਾਊਸ ਵਿਚ ਆਉਂਦਾ ਹੈ ਇਹ ਹਮੇਸ਼ਾਂ ਲਈ ਬੰਦ ਹੋ ਜਾਵੇਗਾ। ਇਸ ਦੇ ਨਾਲ ਹੀ ਅੱਜ ਇਸ ਗੱਲ ਤੇ ਵੀ ਵਿਚਾਰ ਕਰਨ ਦੀ ਲੋੜ ਹੈ ਪਿਛਲੇ 3-4 ਸਾਲਾਂ ਦੇ ਦੌਰਾਨ ਉਨ੍ਹਾਂ ਐਲੀਮੈਂਟਸ ਨੇ, ਗੁੰਡਾ ਤਬਕੇ ਨੇ, ਬਦਨਾਮ ਲੋਕਾਂ ਨੇ ਜੋ ਕੁਝ ਕੀਤਾ ਉਸ ਦੇ ਬਾਰੇ ਵੀ ਦੇਖਣਾ ਪਵੇਗਾ । ਅਗਰ ਪੁਲਿਸ ਕਿਸੇ ਕਤਲ ਕੇਸ ਵਿਚ ਮੁਲਜ਼ਮ ਨਹੀਂ ਫੜ ਸਕੀ ਤਾਂ ਉਸ ਨੇ ਇਕੋ ਗੱਲ ਕਹਿ ਦਿਤੀ ਕਿ ਇਹ ਅੱਤਵਾਦੀਆਂ ਨੇ ਕੀਤਾ ਹੈ । ਕੋਈ ਗੱਲ ਵੀ ਇਹ ਗੁੰਡੇ, ਬਦਮਾਸ਼ ਕਰਦੇ ਰਹੇ ਉਹ ਵੀ ਅੱਤਵਾਦ ਦੇ ਨਾਮ ਤੇ ਸ਼ੌਅ ਕਰਦੇ ਰਹੇ । ਅਸਲ ਗੱਲ ਇਹ ਦੇਖਣ ਵਾਲੀ ਗੱਲ ਹੁੰਦੀ ਹੈ ਕਿ ਜਿਸ ਕਿਸੇ ਨੇ ਕੋਈ ਐਸਾ ਕੰਮ ਕੀਤਾ ਹੈ ਤਾਂ ਉਸ ਦੇ ਵਿੱਚ ਦੇਖਿਆ ਜਾਂਦਾ ਹੈ ਕਿ ਇਸ ਦਾ ਪਿਛੋਕੜ ਕੀ ਹੈ । ਸਾਰੇ ਪੰਜਾਬ ਦੇ ਵਿੱਚ ਜੋ ਗੁੰਡੇ, ਬਦਮਾਸ਼ ਸਨ ਉਹ ਪਿਛਲੇ ਸਮੇਂ ਵਿਚ ਦਨ ਦਨਾ ਕੇ ਰਹਿੰਦੇ ਸਨ। ਜਿਹੜੇ ਕੁਝ ਲੋਕ ਫੜੇ ਗਏ ਹਨ ਉਨ੍ਹਾਂ ਦਾ ਪਿਛੋਕੜ ਵੀ ਦੇਖਣਾ ਚਾਹੀਦਾ ਹੈ ਕਿ ਉਹ ਕੀ ਸੀ। ਅੱਜ ਜਦੋਂ ਕੋਈ ਆਦਮੀ ਜਿਹੜੇ ਪਕੜੇ ਹੋਏ ਹਨ ਉਨ੍ਹਾਂ ਨੂੰ ਰਿਲੀਜ਼ ਕਰਨ ਦੀ ਗੱਲ ਹੋਈ ਹੈ ਤਾਂ ਇਸ ਦੇ ਵਿੱਚ ਇਹ ਗੱਲ ਦੇਖਣ ਦੀ ਲੋੜ ਹੈ ਕਿ ਜਿਹੜੇ ਲੋਕ ਬਦਮਾਸ਼ ਹਨ, ਗੁੰਡੇ ਹਨ ਉਹ ਨਾ ਇਨ੍ਹਾਂ ਲੋਕਾਂ ਦੇ ਨਾਲ ਹੀ ਰਿਲੀਜ਼ ਹੋ ਜਾਣ । ਇਨ੍ਹਾਂ ਲੋਕਾਂ ਦਾ ਪਿਛੋਕੜ ਦੇਖਣਾ ਚਾਹੀਦਾ ਹੈ । ਜਿਹੜੇ ਆਦਮੀ ਛੁਟ ਰਹੇ ਹਨ ਕਿਧਰੇ ਐਸਾ ਨਾ ਹੋਵੇ ਕਿ ਉਨ੍ਹਾਂ ਦੇ ਨਾਲ ਉਹ ਤਬਕਾ ਜਿਹੜਾ ਮੁਜਰਮ ਹੈ, ਜਿਹੜਾ ਗੁੰਡਾ ਅਨਸਰ ਹੈ, ਬਦਮਾਸ਼ ਅਨਸਰ ਹੈ ਉਹ ਵੀ ਛੁਟ ਜਾਵੇ । ਸਰਕਾਰ ਨੂੰ ਇਸ ਪਾਸੇ ਵੱਲ ਤਵੱਜੋ ਦੇਣੀ ਚਾਹੀਦੀ ਹੈ।

ਦੂਸਰੀ, ਚੇਅਰਮੈਨ ਸਾਹਿਬ, ਜਿਹੜੀ ਡੀਮਾਂਡ ਹੈ ਐਜੂਕੇਸ਼ਨ ਦੇ ਬਾਰੇ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਤਨਾ ਪੈਸਾ ਰਖਿਆ ਗਿਆ ਹੈ ਉਸ ਤੇ ਵਿਚਾਰ ਕਰਨ ਦੀ ਲੋੜ ਹੈ ਕਿ ਉਹ ਪੈਸਾ ਜੋ ਰੱਖਿਆ ਗਿਆ ਹੈ ਉਹ ਸਹੀ ਮਾਅਨਿਆਂ ਵਿਚ ਖਰਚ ਕੀਤਾ ਜਾਂਦਾ ਹੈ ਜਾਂ ਨਹੀਂ । ਪੈਸਾ ਮਿਸ ਯੂਟੇ-ਲਾਈਜ਼ ਹੁੰਦਾ ਹੈ। ਜੋ ਬਿਲਡਿੰਗਾਂ ਸਕੂਲਾਂ ਦੀਆਂ ਬਣਦੀਆਂ ਹਨ, ਸਕੂਲਾਂ ਦਾ ਨਿਰਮਾਣ ਜੋ ਕੀਤਾ ਜਾਂਦਾ ਹੈ ਉਸ ਦੇ ਵਿੱਚ ਜਿਹੜੀ ਬੰਗਲਿੰਗ ਹੁੰਦੀ ਹੈ ਉਸ ਤੇ ਚੈਕ ਹੋਣਾ ਚਾਹੀਦਾ ਹੈ। ਇਸ ਬੰਗਲਿੰਗ ਨੂੰ ਰੋਕਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, 5 ਨੰਬਰ ਤੇ ਰੈਵਨਿਊ ਦੀ ਮੰਗ ਹੈ । ਜਿੰਨਾਂ ਰੈਵੇਨਿਊ ਸਰਕਾਰ ਵਲੋਂ ਇਕੱਠਾ ਕੀਤਾ ਜਾ ਰਿਹਾ ਹੈ ਸਰਕਾਰ ਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਉਹ ਰੈਵਨਿਊ ਸਾਰੀਆਂ ਸਕੀਮਾਂ ਤੇ ਖਰਚ ਕਰਨਾ ਚਾਹੀਦਾ ਹੈ। ਇਸ ਤਰੀਕੇ ਨਾਲ ਰੈਵਨਿਊ ਇਕੱਠਾ ਕੀਤਾ ਜਾਣਾ ਚਾਹੀਦਾ ਹੈ ਜਿਸ ਦੇ ਨਾਲ ਸਰਕਾਰ ਨੂੰ ਕੋਈ ਨਾ ਕੋਈ ਲਾਭ ਹੋਵੇ ਔਰ ਇਹ ਇਕੱਠਾ ਕੀਤਾ ਪੈਸਾ ਸਾਰੀਆਂ ਚੰਗੀਆਂ ਸਕੀਮਾਂ ਤੇ ਖਰਚ ਹੋਣਾ ਚਾਹੀਦਾ ਹੈ।

ਇਕ ਹੋਰ ਮੱਦ ਐਜੂਕੇਸ਼ਨ ਵਿਚ ਲਾਸਟ ਵਿੱਚ ਸੀ ਉਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਜੋ ਸਪੋਰਟਸਮੈਨ ਅਤੇ ਬਾਕੀ ਸਕੂਲਾਂ ਦੇ ਟੀਚਰਜ਼ ਲਈ ਜੋ ਬੋਰਡਿੰਗ ਔਰ ਲਾਜਿੰਗ ਦਾ ਪ੍ਰਬੰਧ ਕੀਤਾ ਹੈ ਉਹ ਬੜੀ ਅੱਛੀ ਗੱਲ ਹੈ ਔਰ ਇਸ ਗੱਲ ਲਈ ਸਰਕਾਰ ਦੀ ਸ਼ਲਾਘਾ ਕਰਨੀ ਚਾਹੀਦੀ ਹੈ ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਪੰਜਾਬ ਵਿਚ ਜੋ ਨੌਜਵਾਨ ਤਬਕਾ ਹੈ, ਯੂਥ ਹੈ ਜੋ ਪੜ੍ਹਿਆ ਲਿਖਿਆ ਹੈ ਉਹ ਬੇਕਾਰ ਫਿਰ ਰਿਹਾ ਹੈ ਉਸ ਨੂੰ ਕੰਮ ਮੁਹਈਆ ਕਰਨਾ ਚਾਹੀਦਾ ਹੈ । ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਕਲੇ ਗੁਰਦਾਸਪੁਰ ਵਿੱਚ 65 ਹਜ਼ਾਰ ਪੜ੍ਹਿਆ ਲਿਖਿਆ ਨੌਜਵਾਨ ਵਿਹਲਾ ਘੁੰਮ ਰਿਹਾ ਹੈ। ਅੱਜ ਇਸ ਗੱਲ ਨੂੰ ਵਿਚਾਰਨ ਦੀ ਲੋੜ ਹੈ ਕਿ ਨੌਜਵਾਨਾਂ ਨੂੰ ਕਿਧਰੇ ਨਾ ਕਿਧਰੇ ਕੰਮ ਤੇ ਲਾਇਆ ਜਾਵੇ। ਚੇਅਰਮੈਨ ਸਾਹਿਬ, ਵਿਹਲੇ ਆਦਮੀ ਦਾ ਦਿਮਾਗ ਸ਼ੈਤਾਨ ਦੀ ਘਾੜਤ ਹੁੰਦਾ ਹੈ । ਵਿਹਲੇ ਆਦਮੀ ਦਾ ਦਿਮਾਗ ਇਕ ਭੂਤ ਦਾ ਦਿਮਾਗ ਹੁੰਦਾ ਹੈ । ਆਈਡੀਅਲ ਆਦਮੀ ਕਈ ਕਿਸਮ ਦੇ ਫਿਰ ਗਲਤ ਕੰਮ ਕਰਦਾ ਹੈ । ਅੱਜ ਇਸ ਗੱਲ ਤੇ ਵੀ ਵਿਚਾਰ ਕਰਨ ਦੀ ਲੋੜ ਹੈ ਕਿ ਸਾਡੇ ਪੰਜਾਬ ਦਾ ਜੋ ਨੌਜਵਾਨ ਵਰਗ ਹੈ, ਜੋ ਪੜ੍ਹਿਆ ਲਿਖਿਆ ਨੌਜਵਾਨ ਵਰਗ ਹੈ ਉਹ ਪੰਜਾਬ ਦੀਆਂ ਗਲੀਆਂ, ਬਜ਼ਾਰਾਂ ਵਿਚ ਧੱਕੇ ਖਾ ਰਿਹਾ ਹੈ ਉਸ ਨੂੰ ਕਿਧਰੇ ਨਾ ਕਿਧਰੇ ਕੰਮ ਤੇ ਲਾਇਆ ਜਾਵੇ। ਬੇਕਾਰੀ ਦੀ ਇਸ ਵੇਲੇ ਇਹ ਹਾਲਤ ਹੈ ਕਿ ਐਮਪਲਾਇਮੈਂਟ ਐਕਸਚੇਂਜਿਜ਼ ਵਿੱਚ ਲਾਈਨਾਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਹਨ । ਐਮ. ਏ., ਐਮ. ਏ. ਪਾਸ ਮੁੰਡੇ ਲਾਈਨਾਂ ਵਿੱਚ ਖੜੇ ਹਨ। ਉਹ ਵਿਚਾਰੇ ਸਵੇਰੇ 7.00 ਵਜੇ ਜਾ ਕੇ ਲਾਈਨਾਂ ਵਿੱਚ ਖੜੇ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਡੇਢ ਵਜੇ ਕਹਿ ਦਿਤਾ ਜਾਂਦਾ ਹੈ ਕਿ ਠਹਿਰ ਕੇ ਆਵੋ, ਉਹ ਫਿਰ 3.00 ਵਜੇ ਲਾਈਨ ਵਿੱਚ ਲਗ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਦਾ ਕੀਮਤੀ ਸਮਾਂ ਇਮਪਲਾਇਮੈਂਟ ਐਕਸਚੇਂਜਿਜ਼ ਵਿਚ ਜ਼ਾਇਆ ਹੋ ਰਿਹਾ ਹੈ । ਫਿਰ ਉਨ੍ਹਾਂ ਦੇ ਬੈਠਣ ਵਾਸਤੇ ਵੀ ਉਥੇ ਕੋਈ ਜਗ੍ਹਾ ਨਹੀਂ ਔਰ ਉਥੇ ਦੇ ਮੁਲਾਜ਼ਮਾਂ ਨੂੰ ਗੱਲ ਕਰਨ ਦਾ ਵੀ ਕੋਈ ਸਲੀਕਾ ਨਹੀਂ, ਉਨ੍ਹਾਂ ਨੂੰ ਗੱਲ ਕਰਨ ਦੀ ਵੀ ਤਮੀਜ਼ ਨਹੀਂ ਹੈ। ਉਥੇ ਦੇ ਮੁਲਾਜ਼ਮਾਂ ਦਾ ਵਤੀਰਾ ਵੀ ਉਨ੍ਹਾਂ ਪ੍ਰਤੀ ਠੀਕ ਨਹੀਂ ਹੈ। ਇਸ ਲਈ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਮਪਲਾਇਮੈਂਟ ਐਕਸਚੇਂਜਾਂ ਵਿਚ ਜਾਂਦੇ ਹਨ ਉਨ੍ਹਾਂ ਦੇ ਬੈਠਣ ਵਾਸਤੇ ਕੋਈ ਵਿਵਸਥਾ ਹੋਣੀ ਚਾਹੀਦੀ ਹੈ ਔਰ ਉਨ੍ਹਾਂ ਨਾਲ ਬੋਲ ਚਾਲ ਦਾ ਤਰੀਕਾ ਮੁਲਾਜ਼ਮਾਂ ਦਾ ਠੀਕ ਹੋਣਾ ਚਾਹੀਦਾ ਹੈ, ਉਨ੍ਹਾਂ ਨੂੰ ਪੂਰਾ ਸਤਿਕਾਰ ਮਿਲਣਾ ਚਾਹੀਦਾ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਨੌਜਵਾਨਾਂ ਨੂੰ ਬੇਕਾਰੀ ਭੱਤਾ ਦਿਤਾ ਹੈ ਉਸ ਦੇ ਨਾਲ ਵੀ ਉਸ ਦਾ ਕੋਈ ਗੁਜ਼ਾਰਾ ਨਹੀਂ ਹੁੰਦਾ ਅਤੇ ਉਸ ਨੂੰ ਇਸ ਦਾ ਕੋਈ ਫਾਇਦਾ ਨਹੀਂ।ਸੌ ਜਾਂ ਡੇਢ ਸੌ ਰੁਪਏ ਨਾਲ ਉਹ ਆਪਣਾ ਗੁਜ਼ਾਰਾ ਨਹੀਂ ਕਰ ਸਕਦਾ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੇਕਾਰੀ ਭੱਤੇ ਦੀ ਦਰ ਨੂੰ ਵੀ ਵਧਾਉਣਾ ਚਾਹੀਦਾ ਹੈ ਔਰ ਸਭ ਤੋਂ ਜ਼ਰੂਰੀ ਗੱਲ ਜੋ ਹੈ ਉਹ ਇਹ ਹੈ ਕਿ ਪੜ੍ਹੇ ਲਿਖੇ ਨੌਜਵਾਨਾਂ ਨੂੰ ਛੇਤੀ ਤੋਂ ਛੇਤੀ ਕੰਮਾਂ ਤੇ ਲਾਉਣਾ ਚਾਹੀਦਾ ਹੈ ।

ਹਰੀਜਨਾਂ ਦੇ ਮੁਤੱਲਕ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਬਾਲ-ਮੀਕੀ ਭਰਾ ਹਨ ਉਹ ਆਪਣੇ ਸਿਰ ਤੇ ਮਲ ਚੁਕਦੇ ਹਨ । ਅਸੀਂ ਵੀਹਵੀਂ ਸਦੀ ਵਿਚ ਜਾ ਰਹੇ ਹਾਂ ਪਰ ਗੱਲ ਅਸੀਂ ਪੰਜਵੀਂ ਸਦੀ ਦੀ ਕਰਦੇ ਹਾਂ । ਅੱਜ ਦਾ ਯੁਗ ਸੈਂਟਿਫਿਕ ਯੁਗ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਬਾਲਮੀਕੀ ਭਰਾ ਆਪਣੇ ਸਿਰਾਂ ਦੇ ਉਤੇ ਮਲ ਚੁਕ ਕੇ ਲੈ ਜਾਂਦੇ ਹਨ ਉਨ੍ਹਾਂ ਦੇ ਵਾਸਤੇ ਮਲ ਚੁਕਣ ਦੀ ਪ੍ਰਥਾ ਕਿਸੇ ਹੋਰ ਤਰੀਕੇ ਨਾਲ ਸ਼ੁਰੂ ਕੀਤੀ ਜਾਵੇ ਤਾ ਕਿ ਉਹ ਵਿਚਾਰੇ ਆਪਣੇ ਸਿਰਾਂ ਤੇ ਲੈ ਕੇ ਜਾਣ ਦੀ ਬਜਾਏ ਉਸ ਤਰੀਕੇ ਨਾਲ ਲੈ ਕੇ ਜਾ ਸਕਣ ਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਚੰਗੀ ਬਸਰ ਕਰਨ ਦਾ ਮੌਕਾ ਮਿਲ ਸਕੇ। ਇਸ ਗੱਲ ਵੱਲ ਵੀ ਸ਼ਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਬੁਢਾਪਾ ਪੈਨਸ਼ਨ ਦੀ ਜੋ ਸਕੀਮ ਹੈ ਉਸ ਦੇ ਲਈ ਮੈਂ ਦਸਣਾ ਚਾਹੁੰਦਾ ਹਾਂ ਕਿ 2-2 ਸਾਲ ਹੋ ਗਏ ਹਨ ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲ ਰਹੀ। ਵਿਡੋ ਜਿਹੜੀਆਂ ਹਨ

[ਮਾਸਟਰ ਮੋਹਨ ਲਾਲ]

ਕਦੇ ਕਿਸੇ ਆਦਮੀ ਕੋਲ, ਕਦੇ ਕਿਸੇ ਆਦਮੀ ਕੋਲ ਧੱਕੇ ਖਾਂਦੀਆਂ ਫਿਰਦੀਆਂ ਹਨ ਅਤੇ ਇਕ ਕਹਿੰਦੀ ਹੈ ਕਿ ਮੇਰੀ ਪੈਨਸ਼ਨ ਨਹੀਂ ਆਈ, ਦੂਸਰੀ ਕਹਿੰਦੀ ਹੈ ਮੇਰੀ ਪੈਨਸ਼ਨ ਨਹੀਂ ਆਈ। (ਘੰਟੀ) ਇਨ੍ਹਾਂ ਸਾਰੀਆਂ ਚੀਜ਼ਾਂ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਤਨਾ ਹੀ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਚੇਅਰਮੈਨ ਸਾਹਿਬ, ਇਸ ਹਾਊਸ ਦੇ ਸਾਹਮਣੇ ਸਪਲੀਮੈਂਟਰੀ ਡੀਮਾਂਡਜ਼ ਪੇਸ਼ ਹਨ ਇਹ ਸਪਲੀਮੈਂਟਰੀ ਡੀਮਾਂਡਜ਼ ਉਹ ਹਨ ਜਿਹੜਾ ਖਰਚ ਬਰਨਾਲਾ ਸਾਹਿਬ ਦੀ ਸਰਕਾਰ ਤੋਂ ਪਹਿਲਾਂ ਹੋ ਚੁੱਕਾ ਹੈ ਉਨ੍ਹਾਂ ਦੇ ਬਾਰੇ ਹੈ ਔਰ ਇਸ ਹਾਊਸ ਨੇ ਉਸ ਦੀ ਮਨਜ਼ੂਰੀ ਦੇਣੀ ਹੈ। ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੜੇ ਧਿਆਨ ਨਾਲ ਸੁਣਿਆ ਹੈ। ਮੈਂ ਖਾਸ ਤੌਰ ਤੇ ਇਕ ਚੀਜ਼ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪਿਛਲੇ 4 ਸਾਲਾਂ ਵਿੱਚ ਜੋ ਇਸ ਸੂਬੇ ਵਿੱਚ ਵਾਤਾਵਰਣ ਸੀ, ਜਿਸ ਕਿਸਮ ਦੀ ਰੀਪਰੈਸ਼ਨ ਸੀ, ਜਿਸ ਕਿਸਮ ਦਾ ਘਲੂਘਾਰਾ ਚਲ ਰਿਹਾ ਸੀ, ਜਿਸ ਕਿਸਮ ਦਾ ਰੀਪਰੈਸ਼ਨ ਦਾ ਰਾਜ ਸੀ ਜੇ ਮੈਂ ਇਹ ਕਹਾਂ ਕਿ ਇਥੇ ਪੁਲਿਸ ਔਰ ਫੌਜ ਦਾ ਰਾਜ ਸੀ ਤਾਂ ਕੋਈ ਗਲਤ ਗਲ ਨਹੀਂ ਹੋਵੇਗੀ। ਇਹ ਅੰਕੜੇ ਵੀ ਸਾਬਤ ਕਰਦੇ ਹਨ ਕਿ 1980 ਵਿੱਚ ਜਦੋਂ ਇਥੇ ਸ਼ਰੋਮਣੀ ਅਕਾਲੀ ਦੱਲ ਦੀ ਸਰਕਾਰ ਛੱਡ ਕੇ ਗਈ ਤਾਂ ਉਸ ਵੇਲੇ ਅਸੀਂ ਪੁਲਿਸ ਤੇ 18 ਕਰੋੜ ਰੁਪਏ ਖਰਚ ਕਰਦੇ ਸੀ ਔਰ ਅੱਜ 85 ਕਰੋੜ ਰੁਪਏ ਦਾ ਪੁਲਿਸ ਦਾ ਖਰਚ ਹੈ ਯਾਨੀ ਪੰਜ ਗੁਣਾਂ ਇਹ ਖਰਚ ਵੱਧ ਗਿਆ ਹੈ। ਫੌਜ ਦੇ ਖਰਚੇ ਦਾ ਵੇਰਵਾ ਮੇਰੇ ਪਾਸ ਨਹੀਂ ਲੇਕਿਨ ਮੇਰਾ ਇਸ ਗਲ ਦਾ ਅੰਦਾਜ਼ਾ ਹੈ ਕਿ ਉਸ ਤੇ ਵੀ 50—60 ਕਰੋੜ ਰੁਪਏ ਦਾ ਖਰਚ ਹੋਵੇਗਾ ਹੀ। ਪੁਲਿਸ ਔਰ ਫੌਜ ਦਾ ਰਾਜ, ਰਿਪਰੈਸ਼ਨ ਦਾ ਰਾਜ ਇਸ ਸੂਬੇ ਵਿੱਚ ਸਥਾਪਤ ਕੀਤਾ ਗਿਆ। ਉਸ ਵਿੱਚ ਬਾਅਦ ਵਿੱਚ ਵਾਟਰ ਸ਼ੈਡ ਪੈਦਾ ਹੋਇਆ। ਸ੍ਰੀ ਰਾਜੀਵ ਗਾਂਧੀ, ਪ੍ਰਾਈਮ ਮਨਿਸਟਰ ਸਾਹਿਬ ਔਰ ਸ਼ਹੀਦ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਇਕ ਅਕਾਰਡ ਸਾਈਨ ਕਰਕੇ ਵਾਟਰ ਸ਼ੈਡ ਕਰੀਏਟ ਕੀਤਾ। ਵਾਟਰ ਸ਼ੈਡ ਪੈਦਾ ਕੀਤਾ ਕਿ ਇਸ ਸੂਬੇ ਵਿੱਚ ਅਮਨ ਔਰ ਸ਼ਾਂਤੀ ਹੋਵੇ। ਜੇ ਅਸੀਂ ਕਹਿ ਦੇਈਏ ਕਿ ਉਸ ਅਕਾਰਡ ਨਾਲ ਟੋਟਲ ਪੀਸ ਆ ਗਿਆ ਹੈ ਤਾਂ ਇਹ ਗਲਤ ਗਲ ਹੈ। ਕਮ-ਅਜ਼-ਕਮ ਬਰਨਾਲਾ ਸਾਹਿਬ ਦੀ ਸਰਕਾਰ ਇਸ ਗਲ ਤੇ ਬਿਲਕੁਲ ਕਲੀਅਰ ਹੈ ਕਿ ਟੋਟਲ ਅਮਨ, ਸ਼ਾਂਤੀ ਨਹੀਂ ਹੈ ਔਰ ਟੋਟਲ ਅਮਨ ਲਿਆਉਣ ਲਈ ਬਹੁਤ ਕੁਝ ਕਰਨਾ ਪਵੇਗਾ। ਚੇਅਰਮੈਨ ਸਾਹਿਬ, ਇਸ ਸਰਕਾਰ ਦੇ ਸਾਹਮਣੇ ਦੋ ਵੱਡੇ ਮਸਲੇ ਹਨ। ਇਕ ਮਸਲਾ ਹੈ ਸੂਬੇ ਦੇ ਵਿੱਚ ਅਮਨ, ਸ਼ਾਤੀ ਲਿਆਉਣ ਦਾ ਔਰ ਦੂਸਰਾ ਜੋ ਸਾਡਾ ਯੂਥ ਹੈ ਉਸ ਨੂੰ ਮੇਨ ਸਟਰੀਮ ਤੇ ਲਿਆ ਕੇ ਉਸ ਨੂੰ ਕੰਮ ਤੇ ਲਾਉਣ ਦਾ ਹੈ। ਮੋਹਨ ਲਾਲ ਜੀ. ਹੁਣੇ ਹੀ ਬੜੀ ਸੋਹਣੀ ਗੱਲ ਕਰ ਰਹੇ ਸਨ। ਅਸੀਂ ਸਮਝਦੇ ਹਾਂ ਕਿ ਇਹ ਚੀਜ਼ਾਂ ਤਾਂਹੀ ਆ ਸਕਦੀਆਂ ਹਨ ਜਿਹੜਾ ਅਕਾਰਡ ਹੋਇਆ ਹੈ ਸੰਤ ਲੌਂਗੋਵਾਲ ਔਰ ਪ੍ਰਾਈਮ ਮਨਿਸਟਰ ਨਾਲ ਉਸ ਨੂੰ ਲੈਟਰ ਔਰ ਸਪਿਰਟ, ਜੋ ਲਿਖਿਆ ਗਿਆ ਹੈ, ਉਸ ਨੂੰ ਉਸੇ ਤਰ੍ਹਾਂ ਪੂਰੇ ਤੌਰ ਤੇ ਇੰਪਲੀਮੈਂਟ ਕੀਤਾ ਜਾਣਾ ਚਾਹੀਦਾ ਹੈ। ਐਸੀ ਫਿਜ਼ਾ ਪੈਦਾ ਹੋਈ ਹੈ, ਕੁਝ ਪਾੜੇ ਪੈਦਾ ਹੋਏ ਹਨ, ਕੁਝ ਗਲਤ ਫਹਿਮੀਆਂ ਪੈਦਾ ਹੋ ਰਹੀਆਂ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬ ਉਸ ਅਕਾਰਡ ਨੂੰ ਲਾਗੂ ਕਰਨ ਲਈ ਸੀਰੀਅਸ ਹਨ ਔਰ ਦਿਲੋਂ ਚਾਹੁੰਦੇ ਹਨ, ਪਰ ਕੁਝ ਐਸੇ ਲੋਕ ਹਨ ਐਸੇ ਅਨਸਰ ਹਨ ਜਿਹੜੇ ਕਿ ਮੇਰੇ ਸਾਹਮਣੇ ਬੈਠੇ ਭਰਾ, ਭੈਣਾ ਮਹਿਸੂਸ ਨਾ ਕਰਨ ਮੇਰੀ ਆਪਣੀ ਜ਼ਾਤੀ ਰਾਏ ਹੈ ਕਿ ਕਾਂਗਰਸ ਪਾਰਟੀ ਵਿਚ ਵੀ ਹਨ, ਬਿਊਰੋਕਰੇਸੀ ਵਿਚ ਵੀ ਹਨ, ਸੈਂਟਰ ਗੌਰਮਿੰਟ ਲੇਵਲ ਤੇ ਵੀ ਹਨ ਅਤੇ ਹੋਮ ਮਨਿਸਟਰੀ ਵਿਚ ਵੀ ਹਨ ਜਿਹੜੇ ਇਸ ਅਕਾਰਡ ਨੂੰ ਸੈਬੋਟੇਜ ਕਰਨਾ ਚਾਹੁੰਦੇ ਹਨ। ਇਸ ਦਾ ਅਸਰ ਹੈ ਜਿਹੜੀਆਂ ਮੈਥਿਊ ਕਮਿਸ਼ਨ ਵਿਚ ਟਰਮਜ਼ ਆਫ ਰੈਫਰੈਂਸ ਹੋਈਆਂ ਹਨ। ਜਿਹੜੀ ਅਕਾਰਡ ਦੀ ਕਾਪੀ ਸਾਡੇ ਕੋਲ ਹੈ ਉਸ ਦੇ ਹਰ ਪੇਜ ਤੇ ਪ੍ਰਾਈਮ ਮਨਿਸਟਰ ਸਾਹਿਬ ਦੇ ਦਸਤਖਤ ਹਨ, ਇਹ ਜਿਹੜੀਆਂ ਮੈਥਿਊ ਕਮਿਸ਼ਨ ਦੀਆਂ ਟਰਮਜ਼ ਆਫ ਰੈਫਰੈਂਸ ਹਨ ਉਹ ਉਸ ਦੇ ਅਨੁਕੂਲ ਨਹੀਂ। ਕੁਝ ਲੋਕ ਜਿਹੜੇ ਕੰਟਰੋਵਰਸੀ ਚਾਹੁੰਦੇ ਹਨ ਜਿਹੜੇ ਸੂਬੇ ਵਿਚ

ਅਮਨ ਨਹੀਂ ਚਾਹੁੰਦੇ, ਜਿਹੜੇ ਲੋਕ ਫਾਰਨ ਏਜੈਂਟਸ ਹਨ ਜਿਨ੍ਹਾਂ ਦਾ ਹੋਮ ਮਨਿਸਟਰੀ ਵਿਚ ਅਸਰ ਹੁੰਦਾ ਹੈ, ਉਹ ਚਾਹੁੰਦੇ ਹਨ ਕਿ ਦੋਬਾਰਾ ਝਗੜਾ ਹੋਵੇ। ਉਹ ਦੋਬਾਰਾ ਟਕਰਾਓ ਦੀ ਸਥਿਤੀ ਪੈਦਾ ਕਰਨਾ ਚਾਹੁੰਦੇ ਹਨ, ਦੁਬਾਰਾ ਹਿੰਦੂ ਸਿੱਖ ਵਿਚ ਪਾੜਾ ਪਾਉਣਾ ਚਾਹੁੰਦੇ ਹਨ। ਉਹ ਲੋਕ ਸੈਂਟਰਲ ਗੌਰਮੈਂਟ ਵਿਚ ਬੜਾ ਭਾਰੀ ਇੰਨਫਲੂਐਂਸ ਰੱਖਦੇ ਹਨ, ਉਹ ਫਾਰਨ ਪਾਵਰਜ਼ ਨਾਲ ਮਿਲੇ ਹੋਏ ਹਨ। ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਨੂੰ ਬੜੀ ਭਾਰੀ ਐਮਬੈਰਸਮੈਂਟ ਹੋਈ ਉਨ੍ਹਾਂ ਨੂੰ ਖੁਲ੍ਹ ਕੇ ਕਹਿਣਾ ਪਿਆ ਕਿ ਇਹ ਜਿਹੜੀ ਟਰਮਜ਼ ਆਫ ਰੈਫਰੈਂਸ ਮੈਥਿਊ ਕਮਿਸ਼ਨ ਵਿਚ ਗਈਆਂ ਹਨ ਉਹ ਗਲਤ ਕੀਤੀਆਂ ਹਨ। ਤਾਂਹੀ ਮੈਂ ਕਿਹਾ ਹੈ ਕਿ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਬੜੇ ਸਿਨਸੀਅਰ ਹਨ। ਪਰ ਇਹ ਜਿਹੜਾ ਅਨਸਰ ਹੈ ਜਿਹੜਾ ਟਕਰਾਓ ਦੀ ਪਾਲੀਸੀ ਵਿਚ ਯਕੀਨ ਰੱਖਦਾ ਹੈ, ਝਗੜਾ ਕਰਾਉਣਾ ਚਾਹੁੰਦੇ ਹਨ ਔਰ ਅਕਾਰਡ ਦੀ ਇੰਪਲੀਮੈਂਟੇਸ਼ਨ ਦੇ ਰਸਤੇ ਵਿਚ ਰੁਕਾਵਟ ਹਨ। ਸਾਡੀ ਗੌਰਮੈਂਟ ਦਾ ਪੂਰਾ ਯਕੀਨ ਹੈ ਔਰ ਅਸੀਂ ਬਿਲੀਵ ਕਰਦੇ ਹਾਂ, ਪੰਜਾਬ ਵਿਚ ਸ਼ਾਂਤੀ ਲਿਆਉਣੀ ਚਾਹੀਦੀ ਹੈ, ਪੰਜਾਬ ਦੀ ਸ਼ੈਟਰਡ ਅਕਾਨੌਮੀ ਨੂੰ ਰਿਹੈਬੀਲੀਟੇਟ ਕਰਨਾ ਚਾਹੁੰਦੇ ਹਾਂ ਔਰ ਚਾਹੁੰਦੇ ਹਾਂ ਕਿ ਅਕਾਰਡ ਨੂੰ ਠੀਕ ਤਰ੍ਹਾਂ ਲੈਟਰ ਐਂਡ ਸਪਿਰਟ ਵਿਚ ਇੰਪਲੀਮੈਂਟ ਕੀਤਾ ਜਾਵੇ ਤਾਂ ਹੀ ਪੰਜਾਬ ਵਿਚ ਸਹੀ ਸ਼ਾਂਤੀ ਆ ਸਕਦੀ ਹੈ। ਮੈਂ ਚੇਅਰਮੈਨ ਸਾਹਿਬ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਥੇ ਫਨਾਂਸਿਜ਼ ਬਾਰੇ ਗੱਲ ਕੀਤੀ ਗਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇੰਨਹੈਰਿਟ ਕੀ ਕੀਤਾ ਹੈ? ਜਦੋਂ ਅਸੀਂ ਛੱਡ ਕੇ ਗਏ ਸੀ ਇਥੇ ਸਰਪਲੱਸ ਖਜ਼ਾਨਾ ਛੱਡ ਗਏ ਸਾਂ। ਔਰ ਜੋ ਇੰਨਹੈਰਿਟ ਕੀਤਾ ਉਹ ਟੋਟਲੀ ਦੀਵਾਲੀਆ। ਮੇਰੇ ਕੋਲ ਇਹ ਮੇਰਾ ਪੇਪਰ ਹੈ ਜਿਸ ਵਿਚ ਸਾਰੀ ਤਸਵੀਰ ਲਿਖੀ ਹੋਈ ਹੈ। ਡਾਕਟਰ ਕੇਵਲ ਕ੍ਰਿਸ਼ਨ ਨੇ ਕਿਹਾ ਹੈ ਕਿ ਸੈਂਟਰਲ ਗੌਰਮੈਂਟ ਨੇ ਜਿਹੜਾ ਫਲੱਡ ਰਿਲੀਫ ਵਿਚ ਪੈਸਾ ਦਿੱਤਾ ਹੈ ਉਸ ਦਾ ਧੰਨਵਾਦ ਕਿਉਂ ਨਹੀਂ ਕੀਤਾ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੈਂਟਰਲ ਗੌਰਮੈਂਟ ਨੇ ਜਿਹੜੇ ਪੈਸੇ ਦਿੱਤੇ ਹਨ ਉਹ ਕਰਜ਼ਾ ਦਿੱਤਾ ਹੈ ਜਿਹੜਾ ਕਿ 31 ਮਾਰਚ, 1986 ਤਕ ਮੋੜਨੇ ਹਨ। ਅਸੀਂ 465 ਕਰੋੜ ਰੁਪਏ ਦਾ ਫਲੱਡ ਰਿਲੀਫ ਬਣਾ ਕੇ ਭੇਜਿਆ ਸੀ। ਇਹ 465 ਕਰੋੜ ਰੁਪਿਆ ਕਿਸ ਤਰ੍ਹਾਂ ਬਣਾਇਆ ਸੀ, ਮੈਂ ਦੱਸਦਾ ਹਾਂ ਕਿ 17 ਅਗੱਸਤ ਨੂੰ ਦੇਸ਼ ਦੇ ਪ੍ਰਾਈਮ ਮਨਿਸਟਰ ਕਪੂਰਥਲੇ ਦੀ ਫੈਕਟਰੀ ਦਾ ਫਾਊਂਡੇਸ਼ਨ ਲੇ-ਕਰਨ ਲਈ ਆਏ ਸਨ। ਮੈਂ ਪਹਿਲਾਂ ਕਿਹਾ ਸੀ ਕਿ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਦਾ ਦਿਲ ਬੜਾ ਹੈ। ਉਨ੍ਹਾਂ ਨੇ ਸਕੇਲ ਰਿਵਾਈਜ਼ ਕੀਤੇ। ਜਦੋਂ ਅਸੀਂ ਕਿਹਾ ਕਿ ਇਥੇ ਅੱਨਪਰੈਸੀਡੈਂਟਿਡ ਫਲਡਜ਼ ਆਏ। ਮਕਾਨ ਗਿਰ ਗਏ, ਫਸਲਾਂ ਤਬਾਹ ਹੋ ਗਈਆਂ ਲੋਕਾਂ ਦਾ ਬੜਾ ਨੁਕਸਾਨ ਹੋਇਆ। ਉਨ੍ਹਾਂ ਨੇ ਉਥੇ ਇਲਾਨ ਕੀਤਾ ਕਿ ਜਿਹੜੇ ਮਾਰਜਨਲ ਫਾਰਮਰਜ਼ ਹਨ ਜਿਹਨਾਂ ਦਾ ਨੁਕਸਾਨ ਬਹੁਤ ਹੋਇਆ ਹੈ। ਯਾਨੀ 75 ਫੀ ਸਦੀ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਇਕ ਹਜ਼ਾਰ ਰੁਪਿਆ ਮੁਆਵਜ਼ੇ ਦੇ ਤੌਰ ਤੇ ਇਕ ਕਿੱਲੇ ਮਗਰ ਦਿੱਤਾ ਜਾਏ। ਕੱਚੇ ਮਕਾਨਾਂ ਦੀ ਦਰ 1500 ਰੁਪਏ ਤੋਂ ਵੱਧਾ ਕੇ 2500 ਰੁਪਏ ਕਰ ਦਿੱਤੀ। ਇਹ ਬੜਾ ਲਿਬਰਲ ਇਲਾਨ ਸੀ, ਬੜੀ ਖੁਸ਼ੀ ਹੋਈ। ਉਸ ਵਕਤ ਗਵਰਨਰ ਸਾਹਿਬ ਦਾ ਰਾਜ ਸੀ। ਉਨ੍ਹਾਂ ਨੇ ਕਿਹਾ ਕਿ ਉਸ ਬੇਸ ਤੇ ਡਿਟੇਲਜ਼ ਵਰਕ ਆਊਟ ਕਰੋ। ਉਸ ਸਕੇਲ ਤੇ ਡਿਟੇਲਜ਼ ਵਰਕ ਆਊਟ ਕੀਤੀਆਂ ਔਰ 465 ਕਰੋੜ ਰੁਪਿਆ ਬਣਿਆ। ਜਦੋਂ ਸੈਂਟਰ ਗੌਰਮੈਂਟ ਨੂੰ ਮਨਜ਼ੂਰੀ ਲਈ ਭੇਜਿਆ ਗਿਆ ਤਾਂ ਕੋਈ 60.80 ਕਰੋੜ ਰੁਪਿਆ ਸੈਂਕਸ਼ਨ ਕੀਤਾ। 465 ਕਰੋੜ ਰੁਪਏ ਵਿਚ ਸਿਰਫ 61 ਕਰੋੜ ਦੀ ਸੈਂਕਸ਼ਨ ਦਿੱਤੀ ਔਰ ਉਸ ਵਿਚੋਂ ਦਿੱਤਾ ਕਿੰਨਾ 35 ਕਰੋੜ ਰੁਪਿਆ ਐਜ ਏ. ਵੇਜ਼ ਐਂਡ ਮੀਨਜ਼ ਐਡਵਾਂਸ। ਸਾਡੇ ਰੈਵੇਨਿਊ ਮਨਿਸਟਰ ਸਾਹਿਬ ਤੋਂ ਪਤਾ ਨਹੀਂ ਕਿਸ ਤਰ੍ਹਾਂ ਗਲਤੀ ਹੋ ਗਈ, ਇਸ ਦਾ ਤਾਂ ਮਤਲਬ ਇਹ ਹੁੰਦਾ ਹੈ ਕਿ 31 ਮਾਰਚ ਤੱਕ ਇਹ ਕਰਜ਼ਾ ਵਾਪਸ ਕਰੋ। ਟੋਟਲ ਬਣਿਆ 465 ਕਰੋੜ ਰੁਪਿਆ, ਮਨਜ਼ੂਰ ਹੋਇਆ 61 ਕਰੋੜ ਰੁਪਿਆ, ਭੇਜਿਆ ਗਿਆ 35 ਕਰੋੜ ਰੁਪਿਆ ਅਤੇ ਜਿਹੜਾ ਅਸੀਂ ਹੁਣ ਤਕ ਤਕਸੀਮ ਕਰ ਚੁੱਕੇ ਹਾਂ ਉਹ ਹੈ 46 ਕਰੋੜ ਰੁਪਿਆ। ਕੱਚੇ ਮਕਾਨਾਂ ਵਾਸਤੇ 118 ਕਰੋੜ ਰੁਪਿਆ ਮੰਗਿਆ ਸੀ, ਉਸ ਦੇ ਅਗੇਂਸਟ ਮਨਜ਼ੂਰ ਹੋਇਆ 12 ਕਰੋੜ ਰੁਪਿਆ। ਜਿਹੜਾ ਪ੍ਰਾਈਮ ਮਨਿਸਟਰ ਸਾਹਿਬ ਨੇ ਮਾਰਜਨਲ ਕਿਸਾਨ ਨੂੰ ਇਕ ਹਜ਼ਾਰ ਰੁਪਏ ਪਰ ਕਿੱਲਾ ਦੇਣ ਦਾ ਇਲਾਨ ਕੀਤਾ ਸੀ ਸੈਂਟਰਲ

[ਵਿੱਤ ਮੰਤਰੀ]

ਗੌਰਮੈਂਟ ਵਾਲਿਆਂ ਨੇ ਉਸ ਨੂੰ ਵੈਸੇ ਹੀ ਕੱਟ ਦਿੱਤਾ। ਪ੍ਰਾਈਮ ਮਨਿਸਟਰ ਸਾਹਿਬ ਦੇ ਡੈਕਲਾਰੇਸ਼ਨ ਨੂੰ ਸੈਬੋਟੇਜ ਕੀਤਾ ਜਾ ਰਿਹਾ ਹੈ। ਸੈਂਟਰਲ ਗੌਰਮੈਂਟ ਦੇ ਵੱਖਰੇ ਵੱਖਰੇ ਡਿਪਾਰਟਮੈਂਟ ਹਨ ਉਹ ਕਹਿੰਦੇ ਹਨ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਪ੍ਰਾਈਮ ਮਨਿਸਟਰ ਸਾਹਿਬ ਕਪੂਰਥਲੇ ਆ ਕੇ ਇਲਾਨ ਕਰਕੇ ਗਏ ਕਿ 75 ਫੀ ਸਦੀ ਨੁਕਸਾਨ ਵਾਲੇ ਨੂੰ ਇਕ ਹਜ਼ਾਰ ਰੁਪਿਆ ਦਿੱਤਾ ਜਾਏ ਪਰ ਦਿੱਲੀ ਦੀ ਸਰਕਾਰ ਦੇ ਐਗਰੀਕਲਚਰ ਡਿਪਾਰਟਮੈਂਟ, ਫਾਈਨਾਂਸ ਡਿਪਾਰਟਮੈਂਟ ਵਾਲੇ ਕਹਿੰਦੇ ਹਨ ਕਿ ਇਸ ਦੀ ਮਨਜ਼ੂਰੀ ਨਾ ਦਿੱਤੀ ਜਾਏ। **Is the Prime Minister ruling the country or the other people** ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੇ ਦੁਖ ਦੀ ਗੱਲ ਹੈ ਕਿ ਇਹ ਸਿਰਫ ਅਕਾਰਡ ਵਿਚ ਨਹੀਂ ਹੋਇਆ ਫਲੱਡ ਰਿਲੀਫ ਵਿਚ ਵੀ ਹੋਇਆ ਹੈ। ਜਦ ਪ੍ਰਾਈਮ ਮਨਿਸਟਰ ਸਾਹਿਬ ਨੇ ਡਿਕਲੇਅਰ ਕੀਤਾ ਹੈ ਉਹ ਸੈਂਟਰਲ ਗੌਰਮੈਂਟ ਦੇ ਅਧਿਕਾਰੀਆਂ ਨੇ, ਐਗਰੀਕਲਚਰਲ ਮਨਿਸਟਰੀ ਨੇ, ਫਾਇਨਾਂਸ ਡਿਪਾਰਟਮੈਂਟ ਨੇ, ਪਲੈਨਿੰਗ ਵਾਲਿਆਂ ਨੇ ਨਹੀਂ ਮੰਨਿਆ। ਦਿੱਲੀ ਮਨਿਸਟਰੀਆਂ ਵਿਚ ਗਰੁਪ ਬਣੇ ਹੋਏ ਹਨ। ਪ੍ਰਾਈਮ ਮਨਿਸਟਰ ਨੇ ਜਦੋਂ ਡਿਕਲੇਅਰ ਕੀਤਾ ਉਸ ਨੂੰ ਵੀ turn down ਕਰ ਦਿੱਤਾ। ਇਸ ਲਈ ਮੈਂ ਕਹਿੰਦਾ ਹਾਂ ਕਿ ਬੜੀਆਂ ਥਾਵਾਂ ਤੇ ਸੈਬੋਟੇਜ ਹੋ ਰਹੀ ਹੈ। ਸਾਡੇ ਚੀਫ ਮਨਿਸਟਰ ਸਾਹਿਬ ਨੇ ਅਗਸਤ ਵਿਚ ਪ੍ਰਾਈਮ ਮਨਿਸਟਰ ਸਾਹਿਬ ਨੂੰ ਚਿੱਠੀ ਲਿਖੀ ਕਿ ਇਹ ਡੈਕਲਾਰੇਸ਼ਨ ਕੀਤੀ ਗਈ ਸੀ, ਸਤੰਬਰ ਵਿਚ ਦੂਸਰੀ ਚਿੱਠੀ ਐਗਰੀਕਲਚਰਲ ਮਨਿਸਟਰੀ ਨੂੰ ਲਿਖੀ, ਔਰ ਤੀਸਰੀ ਚਿੱਠੀ ਫਿਨਾਂਸ ਮਨਿਸਟਰੀ ਨੂੰ। ਪ੍ਰਾਈਮ ਮਨਿਸਟਰ ਨੇ ਲਿਖਿਆ ਇਹ ਹੋ ਰਿਹਾ ਹੈ। ਜਿਹੜੀ 27 ਸਤੰਬਰ ਨੂੰ ਐਗਰੀਕਲਚਰਲ ਮਨਿਸਟਰੀ ਨੂੰ ਚਿੱਠੀ ਲਿਖੀ ਉਸ ਦਾ ਕੋਈ ਜਵਾਬ ਅਜੇ ਤਕ ਨਹੀਂ ਆਇਆ। ਮੈਂ ਇਹ ਦੱਸ ਕੇ ਤੁਹਾਨੂੰ ਸਾਰਿਆਂ ਨੂੰ ਕਾਨਫੀਡੈਂਸ ਵਿਚ ਲੈਣਾ ਚਾਹੁੰਦਾ ਹਾਂ। ਅਸੀਂ ਸਾਰੇ ਜਿਹੜੇ ਇਥੇ ਬੈਠੇ ਹਾਂ ਸਾਡੀਆਂ ਸਾਂਝੀਆਂ ਪ੍ਰਾਬਲਮਜ਼ ਹਨ। ਪ੍ਰਾਈਮ ਮਨਿਸਟਰ ਕਰਨਾ ਚਾਹੁੰਦਾ ਹੈ, ਸਾਡੀ ਪਾਰਟੀ ਔਰ ਤੁਹਾਡੀ ਪਾਰਟੀ ਵੀ ਚਾਹੁੰਦੀਆਂ ਹਨ, ਫਿਰ ਜਿਹੜੇ ਬੰਦੇ ਰੁਕਾਵਟ ਪਾਉਂਦੇ ਹਨ ਉਨ੍ਹਾਂ ਨੂੰ ਐਕਸਪੋਜ਼ ਕਰਨਾ ਚਾਹੀਦਾ ਹੈ। ਪ੍ਰਾਈਮ ਮਨਿਸਟਰ ਸਾਹਿਬ ਚਾਹੁੰਦੇ ਹਨ ਪਰ ਹੋਰ ਤਿਆਰ ਬੈਠੇ ਹਨ ਸੈਬੋਟੇਜ ਕਰਨ ਵਾਸਤੇ। ਮੈਂ ਵਾਰਨ ਕਰਦਾ ਹਾਂ ਕਿ ਇਸ ਤਰ੍ਹਾਂ ਦੀਆਂ ਸ਼ਕਤੀਆਂ ਨੂੰ ਨਾ ਦਬਾਇਆ ਗਿਆ ਤਾਂ ਇਸ ਨਾਲ ਕਾਫੀ ਨੁਕਸਾਨ ਹੋ ਸਕਦਾ ਹੈ। ਪੰਜਾਬ ਵਾਸਤੇ ਜੋ ਸੰਤ ਲੌਂਗੋਵਾਲ ਜੀ ਨੇ ਕੀਤਾ ਹੈ ਉਹ ਪੂਰਾ ਨਹੀਂ ਹੋ ਸਕਦਾ। ਸਾਡਾ ਜਿਹੜਾ ਪਲਾਨ ਹੈ ਉਹ ਪੰਜ ਸੌ ਕਰੋੜ ਰੁਪਏ ਦਾ ਹੈ ਸਾਡਾ ਇਸ ਸਾਲ ਦਾ 378.30 ਕਰੋੜ ਰੁਪਏ ਦਾ ਹੈ ਕਿਥੇ ਪੰਜ ਸੌ ਕਰੋੜ ਰੁਪਏ ਦਾ ਪਲਾਨ ਔਰ ਉਸ ਨੂੰ ਸਿਰੇ ਚੜ੍ਹਾਉਣ ਲਈ ਸਾਡੇ ਕੋਲ ਸਿਰਫ 122 ਕਰੋੜ ਰੁਪਿਆ ਹੈ ਤਾਂ ਫਿਰ ਕਿਸ ਤਰ੍ਹਾਂ ਪਲਾਨ ਲਾਗੂ ਕੀਤਾ ਜਾ ਸਕਦਾ ਹੈ। ਕਿਸ ਤਰ੍ਹਾਂ ਡਿਵੈਲਪਮੈਂਟ ਹੋ ਸਕਦੀ ਹੈ ਔਰ ਫਿਰ ਬਹੁਤ ਸਾਰੀਆਂ ਚੀਜ਼ਾਂ ਦਾ ਮੈਂ ਖਾਸ ਤੌਰ ਤੇ ਜ਼ਿਕਰ ਕਰਨਾ ਚਾਹੁੰਦਾ ਹਾਂ। ਹੁਣੇ ਹੀ ਮੇਰੇ ਮੇਹਰਬਾਨ ਦੋਸਤ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਕਿਹਾ ਹੈ ਕਿ 31 ਕਰੋੜ ਰੁਪਿਆ ਦਿੱਲੀਓਂ ਰਿਲੀਫ ਦਾ ਦਿਤਾ ਗਿਆ ਹੈ।

*11.58 ਪੂਰਵ ਦੁਪਹਿਰ

*(ਇਸ ਸਮੇ. ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ।) ਸਪੀਕਰ ਸਾਹਿਬ, ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੁਸੈਨੀਵਾਲਾ ਵਿਚ ਕਿ ਕਣਕ ਦਾ ਬੋਨਸ ਦਿਤਾ ਜਾਵੇਗਾ। ਉਸ ਦਾ ਸਾਡੇ, ਕਾਂਗਰਸੀ ਭਰਾਵਾਂ ਨੇ ਬੜਾ ਪਰਚਾਰ ਕੀਤਾ ਕਿ ਸੈਂਟਰ ਗੌਰਮਿੰਟ ਬੋਨਸ ਦਾ ਰੁਪਿਆ ਦੇ ਰਹੀ ਹੈ। ਜਦੋਂ ਮੈਂ ਆਣ ਕੇ ਫਾਇਨਾਂਸ ਦਾ ਹਾਲ ਵੇਖਿਆ ਤਾਂ ਪਤਾ ਲੱਗਿਆ ਕਿ 31 ਕਰੋੜ 21 ਲੱਖ ਰੁਪਿਆ ਬੋਨਸ ਦਾ ਖਰਚ ਹੋਇਆ ਹੈ ਔਰ ਦਿਲੀ ਦੀ ਸਰਕਾਰ ਨੇ ਕੋਈ ਪੈਸਾ ਨਹੀਂ ਭੇਜਿਆ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਜਿੰਨਾਂ ਵੀ ਬੋਨਸ ਦਿਤਾ ਇਕ ਪੈਸਾ ਵੀ ਉਸ ਵਿਚੋਂ ਦਿਲੀ ਤੋਂ ਨਹੀਂ ਭੇਜਿਆ ਗਿਆ। ਇਸ ਵੇਲੇ 378 ਕਰੋੜ ਰੁਪਏ ਦਾ ਘਾਟਾ ਹੈ। ਸਾਡੇ ਪਾਸ ਕੋਈ ਪੈਸਾ ਨਹੀਂ ਹੈ ਸਾਡੀਆਂ ਪ੍ਰਾਬਲਮਜ਼ ਬਹੁਤ ਵਡੀਆਂ ਹਨ ਔਰ ਵੱਡੀਆਂ ਪ੍ਰਾਬਲਮਜ਼ ਨੂੰ ਅਸੀਂ ਫੇਸ ਕਰ ਰਹੇ ਹਾਂ। ਕੱਲ੍ਹ ਚੀਫ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਵਿਚ ਬੜੇ ਕਨਸੈਸ਼ਨਜ਼

ਦਾ ਇਲਾਨ ਕੀਤਾ ਹੈ, ਔਰ ਉਹ ਜ਼ਰੂਰੀ ਵੀ ਸਨ। ਸਾਨੂੰ ਇਲੈਕਟ੍ਰੀਸਿਟੀ ਦੀ ਜ਼ਰੂਰਤ ਹੈ ਹੋਰ ਕਈ ਪ੍ਰਬੰਧ ਕਰਨੇ ਹਨ, ਜੈਨਰੇਸ਼ਨ ਵਾਸਤੇ ਅਸੀਂ ਹੋਰ ਕੰਮ ਕਰ ਰਹੇ ਹਾਂ। ਅਸੀਂ ਅਗਲੇ 20 ਸਾਲਾਂ ਲਈ ਪਲਾਨ ਤਿਆਰ ਕਰ ਰਹੇ ਹਾਂ ਪਰ ਸੱਤਵੀਂ ਪਲਾਨ ਵਿਚ ਇਲੈਕਟ੍ਰੀਸਿਟੀ ਜੈਨਰੇਸ਼ਨ ਬਾਰੇ ਕੁਝ ਨਹੀਂ ਹੈ, ਸਿਰਫ ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਬਾਰੇ ਜ਼ਿਕਰ ਹੈ, ਹੋਰ ਕਿਸੇ ਪ੍ਰਾਜੈਕਟ ਦਾ ਜ਼ਿਕਰ ਨਹੀਂ ਹੈ, ਇਹ ਬੜੀ ਦੁਖ ਦੀ ਗੱਲ ਹੈ।

ਸਾਡੇ ਇਕ ਸੱਜਣ ਨੇ ਕਿਹਾ ਹੈ ਕਿ ਮੈਮੋਰੈਂਡਮ ਸਟੂਡੈਂਟਸ ਤੋਂ ਖਾਲਸਾ ਜੀ ਕਿਉਂ ਲੈਣ ਗਏ। ਉਹ ਕਹਿੰਦੇ ਹਨ ਕਿ ਤੁਸੀਂ ਬੜ੍ਹਾਵਾ ਦਿੰਦੇ ਹੋ ਐਕਸਟਰੀਮਿਜ਼ਮ ਨੂੰ, ਉਹ ਕਹਿੰਦੇ ਹਨ ਕਿ ਉਨ੍ਹਾਂ ਵਾਲੀ ਨੀਤੀ ਅਸੀਂ ਅਪਣਾਈਏ। ਉਹ ਚਾਰ ਸਾਲ ਇਹੋ ਹੀ ਕੰਮ ਕਰਦੇ ਰਹੇ ਹਨ। ਜੋ ਉਹ ਕੰਮ ਕਰਦੇ ਰਹੇ ਹਨ ਹੁਣ ਸਾਨੂੰ ਵੀ ਕਹਿੰਦੇ ਹਨ ਕਿ ਉਹ ਹੀ ਕੰਮ ਅਸੀਂ ਕਰੀਏ। ਉਨ੍ਹਾਂ ਨੇ ਕਿੰਨੇ ਇਨਕਾਊਂਟਰ ਕੀਤੇ, ਕਿਤਨੇ ਖੂਨ ਬਹਾਏ, ਕਿੰਨੇ ਜੇਲ੍ਹਾਂ ਵਿਚ ਭੇਜੇ। ਜੇਕਰ ਚਾਰ ਸਾਲਾਂ ਵਿਚ ਲੋਕਾਂ ਨੂੰ ਜੇਲ੍ਹਾਂ ਵਿਚ ਬੰਦ ਕਰਨ ਨਾਲ ਅੱਤਵਾਦ ਘਟਿਆ ਹੈ ਤਾਂ ਦੱਸਣ ਪਰ ਉਹ ਤਾਂ ਵਧਿਆ ਹੈ। ਇਹ ਪਾਲਿਸੀ ਤਾਂ ਸਰਦਾਰ ਦਰਬਾਰਾ ਸਿੰਘ ਹੋਰਾਂ ਦੀ ਸੀ, ਡਾਕਟਰ ਸਾਹਿਬ ਹੋਰਾਂ ਦੀ ਸੀ, ਪਰ ਉਹ ਫਿਰ ਇਹ ਹੀ ਗੱਲ ਕਹਿੰਦੇ ਹਨ। ਸਾਨੂੰ ਪਤਾ ਹੈ ਕਿ ਉਹ ਯੂਥ ਗੁੱਸੇ ਹਨ, ਉਨ੍ਹਾਂ ਦਾ ਗੁੱਸਾ ਸਹੀ ਹੈ, ਕਿਉਂਕਿ ਐਵੇਂ ਹੀ 414 ਬੱਚੇ ਜੋਧਪੁਰ ਦੀ ਜੇਲ ਵਿਚ ਬੈਠੇ ਹੋਣ ਔਰ ਫਿਰ ਉਹ ਕਿਉਂ ਨਾ ਗੁੱਸੇ ਹੋਣ। ਫਿਰ 1500 ਫੌਜੀ ਬੰਦ ਹੋਣ, ਉਨ੍ਹਾਂ ਦੇ ਉਤੇ ਕੇਸ ਚਲਾਏ ਜਾਣ, ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਵੇ, ਉਨ੍ਹਾਂ ਦੇ ਬੱਚੇ ਰੁਲਦੇ ਹੋਣ, ਫਿਰ ਉਹ ਗੁੱਸੇ ਨਾ ਹੋਣ। ਇਸ ਲਈ ਉਨ੍ਹਾਂ ਦਾ ਗੁੱਸਾ ਜਾਇਜ਼ ਹੈ। ਇਸ ਕਰਕੇ ਹੀ ਖਾਲਸਾ ਜੀ ਨੂੰ ਚੀਫ ਮਨਿਸਟਰ ਸਾਹਿਬ ਨੇ ਆਪ ਭੇਜਿਆ ਸੀ। ਉਨ੍ਹਾਂ ਦੀਆਂ ਡਿਮਾਂਡਜ਼ ਜਾਇਜ਼ ਹਨ। ਉਨ੍ਹਾਂ ਦੀਆਂ ਡਿਮਾਂਡਜ਼ ਨੂੰ ਧਿਆਨ ਨਾਲ ਸੋਚ ਰਹੇ ਹਾਂ ਔਰ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਦੀਆਂ ਇਹ ਮੰਗਾਂ ਜੋ ਹਨ ਉਹ ਮੰਨੀਆਂ ਜਾਣ ਔਰ ਯੂਥ ਨੂੰ ਮੇਨ ਸਟਰੀਮ ਵਿਚ ਲਿਆਉਣ ਵਾਸਤੇ ਬਰਨਾਲਾ ਸਾਹਿਬ ਦੀ ਸਰਕਾਰ ਨੇ ਇਕ ਕਮੇਟੀ ਮੁਕਰਰ ਕੀਤੀ ਹੈ। ਉਸ ਕਮੇਟੀ ਨੇ ਬਹੁਤ ਸਾਰੀਆਂ ਮੀਟਿੰਗਾਂ ਕਰਨ ਤੋਂ ਬਾਅਦ, ਸਲਾਹ ਕਰਨ ਤੋਂ ਬਾਅਦ ਇਕ ਠੋਸ ਪਰੋਗਰਾਮ ਬਣਾਇਆ ਹੈ। ਅਸੀਂ ਸਮਝਦੇ ਹਾਂ ਕਿ ਯੂਥ ਦਾ ਮਸਲਾ ਹੱਲ ਕਰਨਾ ਪੰਜਾਬ ਦਾ ਮਸਲਾ ਹੱਲ ਕਰਨਾ ਹੈ, ਪੰਜਾਬ ਨੂੰ ਸਹੀ ਲਾਈਨਜ਼ ਤੇ ਲਿਆਉਣ ਦਾ ਮਸਲਾ ਹੱਲ ਕਰਨਾ ਹੈ। ਇਸ ਲਈ ਉਨ੍ਹਾਂ ਯੂਥਸ ਨੂੰ ਜਾਬਜ਼ ਦੇਣੀਆਂ ਜ਼ਰੂਰੀ ਹਨ। ਜੇਕਰ ਇੰਪਲਾਏਮੈਂਟ ਐਕਸਚੇਂਜਿਜ਼ ਰਾਹੀਂ ਲਏ ਜਾਣ ਤਾਂ ਠੀਕ ਨਹੀਂ ਹੋ ਸਕਦਾ। ਜਿਹੜੀ ਕਮੇਟੀ ਇਸ ਕੰਮ ਲਈ ਬਣਾਈ ਗਈ ਹੈ ਉਸ ਦਾ ਮੈਂ ਚੇਅਰਮੈਨ ਹਾਂ। ਪੰਜਾਬ ਨੈਸ਼ਨਲ ਬੈਂਕ, ਪੰਜਾਬ ਐਂਡ ਸਿੰਧ ਬੈਂਕ ਔਰ ਪਟਿਆਲਾ ਬੈਂਕ ਉਸ ਦੇ ਮੈਂਬਰ ਹਨ। ਸਰਦਾਰ ਕਿਰਪਾਲ ਸਿੰਘ, ਫਿਰ ਵਡਾਲਾ ਸਾਹਿਬ ਔਰ ਮਾਸਟਰ ਜੀ ਜੋ ਗੁਰਦਾਸਪੁਰ ਤੋਂ ਹਨ, ਔਰ ਟਾਪ ਆਫੀਸਰਜ਼ ਉਸ ਦੇ ਮੈਂਬਰ ਹਨ। ਉਨ੍ਹਾਂ ਨੇ ਮੀਟਿੰਗਾਂ ਕਰਕੇ ਯੂਥ ਲਈ ਇਕ ਪਰੋਗਰਾਮ ਬਣਾਇਆ ਹੈ। ਉਸ ਪਰੋਗਰਾਮ ਦੇ ਦੋ ਹਿਸੇ ਹਨ। ਇਕ ਹਿਸੇ ਨੂੰ ਟਾਰਗੈਟ ਗਰੁਪ ਕਿਹਾ ਹੈ। ਇਸ ਵਿਚ ਉਹ ਯੂਥ ਹੈ ਜਿਨ੍ਹਾਂ ਨੇ ਐਜੀਟੇਸ਼ਨ ਵਿਚ ਹਿਸਾ ਲਿਆ, ਜਿਹੜੇ ਜੇਲ੍ਹ ਵਿਚ ਗਏ, ਜਿਨ੍ਹਾਂ ਵਿਚ ਬੜੀ ਫਰੱਸਟ੍ਰੇਸ਼ਨ ਹੈ। As a result of repression ਉਨ੍ਹਾਂ ਦੇ ਮਨਾਂ ਵਿਚ ਅਸ਼ਾਂਤੀ ਪੈਦਾ ਹੋਈ ਹੈ, ਉਸ ਨੂੰ ਅਸੀਂ ਟਾਰਗੈਟ ਗਰੁਪ ਕਹਿੰਦੇ ਹਾਂ। ਇਹ ਐਸਾ ਏਰੀਆ ਜਾਂ ਗਰੁਪ ਹੈ ਜੋ ਵਾਲੇਟਾਈਲ ਹੈ ਜਿਸ ਨੂੰ ਜਾਬਜ਼ ਦੇਣੀਆਂ ਬੜੀਆਂ ਜ਼ਰੂਰੀ ਹਨ। ਅਸੀਂ ਆਇਡੰਟੀਫਾਈ ਕੀਤਾ ਹੈ ਕਿ 8000 ਦੇ ਕਰੀਬ ਹਨ ਟੋਟਲ ਜਿਨ੍ਹਾਂ ਨੂੰ ਅਸੀਂ ਜਾਬਜ਼ ਦੇਣ ਦਾ ਫੈਸਲਾ ਕੀਤਾ ਹੈ। 50 ਹਜ਼ਾਰ ਨੌਜਵਾਨਾਂ ਨੂੰ ਅਸੀਂ ਜਾਬਜ਼ ਦੇਣ ਲਈ ਪਰੋਗਰਾਮ ਬਣਾਇਆ ਹੈ। (ਥੰਪਿੰਗ) ਪਰ ਇਹ ਜਿਹੜਾ ਹਿੱਸਾ ਹੈ,

[ਵਿੱਤ ਮੰਤਰੀ]

ਯੂਥ ਦਾ ਇਹ ਬੜਾ ਵਾਲੇਟਾਈਲ ਹੈ। ਇਸ ਲਈ ਅਸੀਂ ਫੈਸਲਾ ਕੀਤਾ ਹੈ ਔਰ ਸਪੈਸ਼ਲ ਪਰੋਗਰਾਮ ਬਣਾਇਆ ਹੈ । ਅਸੀਂ ਵੇਖਿਆ ਹੈ ਕਿ 25,000 ਨੂੰ ਗੌਰਮਿੰਟ ਜਾਬਜ਼ ਵਿਚ ਲਿਆਂਦਾ ਜਾ ਸਕਦਾ ਹੈ। ਫਿਰ ਪਬਲਿਕ ਸੈਕਟਰ ਵਿਚ ਸਰਕਾਰੀ ਅਦਾਰੇ ਹਨ 500 ਨੂੰ ਉਨ੍ਹਾਂ ਵਿਚ ਲਗਾਵਾਂਗੇ ਔਰ ਇਸ ਤੋਂ ਇਲਾਵਾ ਪ੍ਰਾਈਵੇਟ ਇੰਡਸਟਰੀਜ਼ ਨਾਲ ਲੁਧਿਆਣੇ ਔਰ ਅੰਮ੍ਰਿਤਸਰ ਵਿਚ ਗੱਲ ਕੀਤੀ ਹੈ ਔਰ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਇਕ ਹਜ਼ਾਰ ਨੂੰ ਉਹ ਇੰਡਸਟਰੀਜ਼ ਵਿਚ ਲੈ ਲੈਣਗੇ। ਇਸ ਤਰ੍ਹਾਂ ਕੋਆਪਰੇਟਿਵ ਵਿਚ ਹੈ, ਇਕ ਹਜ਼ਾਰ ਨੂੰ ਉਥੇ ਲਵਾਂਗੇ । ਇਸ ਲਈ ਵੀ ਸਕੀਮ ਬਣਾਈ ਹੈ ਕਿ ਟਰਾਂਸਪੋਰਟ ਵਿਚ, ਜਿਸ ਤਰ੍ਹਾਂ ਮਿੰਨੀ ਬੱਸਾਂ ਹਨ, ਮੈਟਾਡੋਰ ਵਗੈਰਾ ਹਨ, ਰੂਰਲ ਏਰੀਆ ਵਿਚ 1000 ਦੇ ਕਰੀਬ ਉਸ ਪਾਸੇ ਅਬਜ਼ਾਰਬ ਕਰਾਂਗੇ । (ਥੰਪਿੰਗ) ਇਹ ਵੀ ਫੈਸਲਾ ਕੀਤਾ ਹੈ ਕਿ ਜੇਕਰ ਕਿਸੇ ਨੇ ਮਿੰਨੀ ਬੱਸ ਲੈਣੀ ਹੈ, ਜੇਕਰ ਉਹ ਬੱਸ ਦੋ ਲੱਖ ਨੂੰ ਮਿਲਦੀ ਹੈ, ਤਾਂ ਉਸ ਨੂੰ 25 % ਮਾਰਜਨਲ ਮਨੀ ਦੇ ਤੌਰ ਤੇ 50 ਹਜ਼ਾਰ ਰੁਪਿਆ ਦੇਣਾ ਬਣਦਾ ਹੈ । ਉਸ ਨੌਜਵਾਨ ਪਾਸ ਉਹ ਰੁਪਿਆ ਹੈ ਨਹੀਂ। ਅਸੀਂ ਉਹ ਵੀ ਫਾਇਨਾਂਸ ਕਰਾਂਗੇ ਔਰ ਨੌਜਵਾਨ ਨੂੰ ਸਿਰਫ ਸੌ ਪਿਛੇ ਦਸ ਰੁਪਏ ਦੇਣੇ ਪੈਣਗੇ। ਗੌਰਮਿੰਟ ਸਬਸੀਡਾਈਜ਼ ਕਰੇਗੀ ਤਾਂ ਕਿ ਯੂਥ ਇਸ ਸੈਲਫ-ਇੰਪਲਾਇਮੈਂਟ ਸਕੀਮ ਵਿਚ ਆ ਸਕੇ ।

ਸ੍ਰੀ ਸ਼ਿਵ ਚੰਦ ਮਲੋਟ : ** ** ** **

11.58 A.M.

Mr. Speaker: This is No Point of Order, I am sorry.

ਵਿੱਤ ਮੰਤਰੀ : ਸਰ, ਇਹ ਜਿਹੜਾ ਮੈਂ ਟਾਰਗੈਟ ਗਰੁਪ ਦੱਸਿਆ ਹੈ, ਇਸ ਟਾਰਗੈਟ ਗਰੁਪ ਨੂੰ ਮੈਂ ਪਹਿਲਾਂ ਹੀ ਡੀਫਾਈਨ ਕੀਤਾ ਹੈ। ਜਿਥੇ ਇਨ੍ਹਾਂ ਨੇ ਹਰੀਜਨਾਂ ਦੀ ਗੱਲ ਕੀਤੀ ਹੈ, ਰੈਜ਼ਰਵੇਸ਼ਨ ਦੀ ਗੱਲ ਕੀਤੀ ਹੈ, ਮੈਂ ਉਥੇ ਦੱਸਣਾ ਚਾਹੁੰਦਾ ਹਾਂ ਕਿ 25 ਹਜ਼ਾਰ ਰੁਪਿਆ ਹਰ ਨੌਜਵਾਨ ਨੂੰ ਦਿਤਾ ਜਾਵੇਗਾ ਔਰ ਉਸ ਦਾ ਚੌਥਾ ਹਿਸਾ ਸਬਸਿਡੀ ਹੋਵੇਗੀ । (ਥੰਪਿੰਗ) ਇਹ ਸਾਡਾ ਨਿਸ਼ਾਨਾ ਹੈ ਕਿ ਇਹ ਅਸੀਂ 12 ਹਜ਼ਾਰ ਨੌਜਵਾਨਾਂ ਨੂੰ ਦੇਵਾਂਗੇ । ਮੈਂ ਗੌਰਮਿੰਟ ਆਫ ਇੰਡੀਆ ਤੋਂ ਵੀ ਕੋਸ਼ਿਸ਼ ਕਰ ਰਿਹਾ ਹਾਂ, ਕਿਉਂ ਕਿ ਸਾਡੀ ਸਟੇਟ ਦੀਆਂ ਪ੍ਰਾਬਲਮਜ਼ ਬਹੁਤ ਜ਼ਿਆਦਾ ਹਨ, ਬੈਂਕਸ ਨਾਲ ਗੱਲ ਕੀਤੀ ਹੈ, ਉਹ ਵੀ ਐਗਰੀ ਕਰਦੇ ਹਨ ਕਿ ਉਹ 20 ਹਜ਼ਾਰ ਨੂੰ ਇਸ ਤਰ੍ਹਾਂ 25-25 ਹਜ਼ਾਰ ਰੁਪਿਆ ਦੇ ਸਕਦੇ ਹਨ । ਅਸੀਂ ਕੋਸ਼ਿਸ਼ ਕਰਾਂਗੇ ਕਿ 12 ਹਜ਼ਾਰ ਦੀ ਬਜਾਏ 20 ਹਜ਼ਾਰ ਨੂੰ ਮਿਲ ਜਾਣ। ਇਸ ਤਰ੍ਹਾਂ ਹੀ ਸ਼ੈਡਿਊਲਡ ਕਾਸਟਸ ਕਾਰਪੋਰੇਸ਼ਨ ਰਾਹੀਂ ਅਸੀਂ 10 ਹਜ਼ਾਰ ਹਰੀਜਨ ਨੌਜਵਾਨਾਂ ਨੂੰ ਕੰਮ ਦੇਵਾਂਗੇ। (ਥੰਪਿੰਗ) ਸਰ, ਮੈਂ ਬੈਂਕਸ ਦੀ ਵੀ ਮੀਟਿੰਗ ਕੀਤੀ ਹੈ । ਸਾਡੇ ਸੂਬੇ ਵਿਚ 20 ਨੈਸ਼ਨੇਲਾਈਜ਼ਡ ਬੈਂਕਸ ਹਨ। ਮੈਂ ਕਿਹਾ ਹੈ ਕਿ ਇੰਟਰਪਰੋਨਿਉਅਰਸ਼ਿਪ ਦੇ ਕੋਰਸ ਸ਼ੁਰੂ ਕਰਨ। ਪੰਜਾਬ ਸਰਕਾਰ ਨੇ ਇੰਟਰਪਰੋਨਿਉਰਸ਼ਿਪ ਦਾ ਕੋਰਸ ਸ਼ੁਰੂ ਕੀਤਾ ਹੈ ਔਰ 25 ਆਦਮੀਆਂ ਨੂੰ ਟਰੇਨਿੰਗ ਦਿਤੀ ਹੈ । ਉਨ੍ਹਾਂ ਦੇ ਕਾਰਖਾਨੇ ਚਲਾਉਣ ਵਾਸਤੇ 5 ਲੱਖ ਰੁਪਿਆ ਰੱਖਿਆ ਹੈ । ਇਸੇ ਤਰ੍ਹਾਂ ਬੈਂਕਾਂ ਵਿਚ ਨੌਜਵਾਨਾਂ ਨੂੰ ਭਰਤੀ ਕਰਨ ਲਈ ਵੀ ਅਸੀਂ 2000 ਨੌਜਵਾਨਾਂ ਨੂੰ ਟਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਹੈ ਔਰ ਇਸ ਦਾ ਟਾਰਗੈਟ ਫਿਕਸ ਕਰ ਦਿਤਾ ਹੈ । ਸਿਰਫ ਟਾਰਗੈਟ ਹੀ ਫਿਕਸ ਨਹੀਂ ਕੀਤਾ ਬਲਕਿ ਇਸ ਤੇ ਐਕਸ਼ਨ ਵੀ ਲੈ ਲਿਆ ਹੈ। ਇਸ ਵਾਸਤੇ ਹੁਣ ਅਸੀਂ ਕਈ ਰੂਲਜ਼ ਵਗੈਰਾ ਵੀ ਚੇਂਜ ਕਰਨੇ ਹਨ। ਇਸ ਲਈ ਹੁਣ ਅਸੀਂ ਫੈਸਲਾ ਕੀਤਾ ਹੈ ਕਿ ਹਰ ਡਿਸਟ੍ਰਿਕਟ ਲੈਵਲ ਤੇ ਇਕ ਕਮੇਟੀ ਬਣਾਈ ਜਾਵੇਗੀ। ਡੀ. ਸੀ. ਉਸ ਦਾ ਚੇਅਰਮੈਨ

**Expunged as ordered by the Chair.

ਹੋਵੇਗਾ, ਡਿਸਟ੍ਰਿਕਟ ਇੰਡਸਟਰੀ ਅਫਸਰ ਉਸ ਦਾ ਮੈਂਬਰ ਹੋਵੇਗਾ, ਲੀਡ ਬੈਂਕ ਦਾ ਰਿਜਨਲ ਮੈਨੇਜਰ ਵੀ ਉਸ ਦਾ ਮੈਂਬਰ ਹੋਵੇਗਾ ਔਰ ਹੋਰ ਵੀ ਕੁਝ ਮੈਂਬਰਜ਼ ਹੋਣਗੇ। ਇਹ ਕਮੇਟੀਆਂ ਇਨ੍ਹਾਂ ਸਕੀਮਾਂ ਬਾਰੇ ਪੂਰੀ ਤਰ੍ਹਾਂ ਐਡਵਾਈਜ਼ ਕਰਨਗੀਆਂ ਔਰ ਪੂਰੀ ਤਰ੍ਹਾਂ ਸਕਰੀਨਿੰਗ ਕਰਨਗੀਆਂ। ਫਿਰ ਸਟੇਟ ਲੈਵਲ ਤੇ ਇਕ ਸਬ ਕਮੇਟੀ ਬਣੇਗੀ ਜਿਹੜੀ ਕਿ ਨੌਕਰੀਆਂ ਦੇਵੇਗੀ। ਸਾਡੀ ਇਹ ਜਿਹੜੀ ਸਕੀਮ ਹੈ ਇਸ ਨਾਲ ਕੋਈ 2 ਮਹੀਨੇ ਵਿਚ 8 ਹਜ਼ਾਰ ਨੌਜਵਾਨਾਂ ਨੂੰ ਟਰੇਨਿੰਗ ਮਿਲ ਜਾਵੇਗੀ ਔਰ ਉਹ ਰੋਜ਼ਗਾਰ ਲੈ ਸਕਣਗੇ। (ਥੰਪਿੰਗ)।

ਸਰ, ਕੁਝ ਹੋਰ ਗੱਲਾਂ ਇਥੇ ਕਹੀਆਂ ਗਈਆਂ ਹਨ। ਇਕ ਮੋਗੇ ਦੇ ਸਿਨਮੇ ਦੇ ਬਾਰੇ ਗੱਲ ਕੀਤੀ ਗਈ ਹੈ। ਇਹ ਕਿਹਾ ਗਿਆ ਹੈ ਕਿ ਮੋਗੇ ਦੇ ਸਿਨਮੇ ਤੇ ਲਾਇਬਰੇਰੀ ਬਣਾਈ ਜਾ ਰਹੀ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਅੱਜ ਤੋਂ ਕੋਈ 12 ਸਾਲ ਪਹਿਲਾਂ ਉਥੇ ਸਟੂਡੈਂਟਸ ਤੇ ਜਿਹੜੇ ਕਿ ਬਿਲਕੁਲ ਇਨੋਸੈਂਟ ਸਨ ਉਨ੍ਹਾਂ ਤੇ ਗੋਲੀਆਂ ਚਲਾਈਆਂ ਗਈਆਂ ਹਨ ਔਰ ਬਹੁਤ ਸਾਰੇ ਨੌਜ-ਵਾਨ ਉਥੇ ਸ਼ਹੀਦ ਵੀ ਹੋ ਗਏ ਸਨ, ਉਨ੍ਹਾਂ ਦਾ ਸ਼ਹੀਦੀ ਦਿਨ ਵੀ ਉਥੇ ਮਨਾਇਆ ਜਾਂਦਾ ਹੈ ਔਰ ਸਾਡੀ ਗੌਰਮਿੰਟ ਨੂੰ ਇਸ ਦਾ ਫਖਰ ਹੈ ਕਿ ਇਹ ਸਿਨਮਾ ਜਿਹੜਾ 12 ਸਾਲ ਤੋਂ ਬੰਦ ਪਿਆ ਸੀ ਔਰ ਉਸ ਵੇਲੇ ਦੇ ਚੀਫ ਮਨਿਸਟਰ ਵੇਲੇ ਜਿਨ੍ਹਾਂ ਦੇ ਵੇਲੇ ਇਹ ਗੋਲੀਆਂ ਚਲੀਆਂ ਸਨ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ ਕਿਉਂ ਕਿ ਇਸ ਵੇਲੇ ਉਹ ਹਿੰਦੁਸਤਾਨ ਦੀ ਹਾਈਐਸਟ ਗੱਦੀ ਤੇ ਬੈਠੇ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਆਪ ਇਹ ਕੰਮ ਕਰਨਾ ਚਾਹੀਦਾ ਸੀ ਪਰ ਨਹੀਂ ਹੋਇਆ ਉਸ ਤੋਂ ਬਾਅਦ ਵੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਪਰ ਅਫਸੋਸ ਹੈ ਕਿ ਉਨ੍ਹਾਂ ਨੇ ਵੀ ਇਹ ਕੰਮ ਨਹੀਂ ਕੀਤਾ। ਪਰ ਅਸੀਂ ਆਉਂਦੇ ਹੀ ਉਸ ਸਿਨਮੇਂ ਨੂੰ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਲਾਇਬਰੇਰੀ ਵਿਚ ਬਦਲਣ ਦਾ ਫੈਸਲਾ ਕੀਤਾ ਹੈ ਤਾ ਕਿ ਉਨ੍ਹਾਂ ਨੌਜਵਾਨਾਂ ਦੀ ਯਾਦ ਗਾਰ ਉਥੇ ਬਣਾਈ ਜਾ ਸਕੇ ਔਰ ਅੱਗੋਂ ਤੋਂ ਕੋਈ ਵੀ ਗੌਰ-ਮਿੰਟ ਆਏ ਉਹ ਕਿਸੇ ਇਨੋਸੈਂਟ ਨੌਜਵਾਨਾਂ ਦੀ ਜਾਨਾਂ ਨਾਲ ਨਾ ਖੇਡੇ। ਇਸ ਲਈ ਅਸੀਂ ਇਹ ਸਿਨਮਾ ਲਾਇਬਰੇਰੀ ਵਿਚ ਬਦਲ ਕੇ ਬਣਾ ਰਹੇ ਹਾਂ।

ਸਰ, ਇਸ ਤੋਂ ਇਲਾਵਾ ਜਿੰਨੇ ਵੀ ਈਸ਼ੂ ਰੇਜ਼ ਕੀਤੇ ਹਨ ਮੈਂ ਉਨ੍ਹਾਂ ਦਾ ਜਵਾਬ ਦੇ ਦਿੱਤਾ ਹੈ। ਇਕ ਗੱਲ ਐਗਰੀਕਲਚਰ ਦੀ ਪ੍ਰਾਈਸ ਦੇ ਬਾਰੇ ਵਿਚ ਮੈਂ ਕਹਿਣੀ ਹੈ। ਉਹ ਇਹ ਹੈ ਕਿ ਸੈਂਟਰ ਗੌਰਮਿੰਟ ਜਿਹੜੀ ਐਗਰੀਕਲਚਰ ਦੀ ਪ੍ਰਾਈਸ ਫਿਕਸ ਕਰਦੀ ਹੈ ਇਸ ਨਾਲ ਕਿਸਾਨਾਂ ਨੂੰ ਕਾਫੀ ਨੁਕਸਾਨ ਹੋਇਆ ਹੈ ਕਿਉਂਕਿ ਜਦੋਂ ਵੀ ਪ੍ਰਾਈਸ ਫਿਕਸ ਕੀਤੀ ਜਾਂਦੀ ਹੈ ਉਸ ਵੇਲੇ ਸਾਰੀਆਂ ਗੱਲਾਂ ਦਾ ਖਿਆਲ ਨਹੀਂ ਰੱਖਿਆ ਜਾਂਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਵਿਚ ਅਨਾਜ ਦੀ ਕੀਮਤ 2.3 ਗੁਣਾ ਵਧੀ ਹੈ, ਕਾਟਨ ਦੀ ਕੀਮਤ 2.8 ਗੁਣਾ ਵਧੀ ਹੈ, ਇੰਡਸਟਰੀਅਲ ਮੈਨੂਫੈਕਚਰਡ ਗੁਡਜ਼ ਦੀ ਕੀਮਤ 3.4 ਗੁਣਾ ਵਧੀ ਹੈ ਔਰ ਤੇਲ ਜਿਹੜਾ ਅਸੀਂ ਇਸਤੇਮਾਲ ਕਰਦੇ ਹਾਂ ਉਸ ਦੀ ਕੀਮਤ ਸਾਢੇ 5 ਗੁਣਾ ਵਧੀ ਹੈ। ਅਸੀਂ ਇਹ ਚਾਹੁੰਦੇ ਹਾਂ ਕਿ ਜਦੋਂ ਵੀ ਐਗਰੀਕਲਚਰ ਪਰੋਡਿਊਸ ਦੀ ਪ੍ਰਾਈਸ ਫਿਕਸ ਕੀਤੀ ਜਾਂਦੀ ਹੈ ਉਸ ਵੇਲੇ ਇਨ੍ਹਾਂ ਸਾਰੀਆਂ ਗੱਲਾਂ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ ਕਿ ਜਿਸ ਹਿਸਾਬ ਨਾਲ ਹੋਰ ਚੀਜ਼ਾਂ ਦੇ ਭਾਅ ਵਧਦੇ ਹਨ ਉਸੇ ਤਰ੍ਹਾਂ ਨਾਲ ਐਗਰੀ-ਕਲਚਰ ਪਰੋਡਿਊਸ ਦੇ ਭਾਅ ਵੱਧਣੇ ਚਾਹੀਦੇ ਹਨ ਤਾਕਿ ਕਿਸਾਨਾਂ ਦਾ ਨੁਕਸਾਨ ਨਾ ਹੋਵੇ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਔਰ ਇਹ ਆਸ ਕਰਦਾ ਹਾਂ ਕਿ ਜਿਹੜੇ ਵੀ ਪੰਜਾਬ ਦੇ ਝੋਨੇ ਵਗੈਰਾ ਦੇ ਮਸਲੇ ਹਨ ਉਨ੍ਹਾਂ ਨੂੰ ਹੱਲ ਕਰਨ ਵਾਸਤੇ ਜਿਵੇਂ ਡਾਕਟਰ ਸਾਹਿਬ ਨੇ ਔਰ ਗੁਰਬਰਿੰਦਰ ਕੌਰ ਬਰਾੜ ਨੇ ਕਿਹਾ ਹੈ ਕਿ ਉਹ ਸਪੋਰਟ ਕਰਨਗੇ, ਇਹ ਚੰਗੀ ਗੱਲ ਹੈ, ਇਹ ਸਾਰੇ ਮਸਲੇ ਹੱਲ ਕਰਨ ਵਾਸਤੇ, ਸਾਰੇ ਪੰਜਾਬ ਦੇ ਲੋਕਾਂ ਦੀ ਸਹਿਯੋਗ ਦੀ ਲੋੜ ਹੈ ਇਹ ਮਸਲੇ ਤਾਂ ਹੀ ਹੱਲ ਹੋ ਸਕਦੇ ਹਨ। ਇਹ ਜਿਹੜਾ ਅਕਾਰਡ ਹੋਇਆ

[ਵਿੱਤ ਮੰਤਰੀ]

ਹੈ ਇਸ ਵਾਸਤੇ ਮੈਂ ਇਹੀ ਕਹਾਂਗਾ ਕਿ ਇਸ ਦੇ ਵਿਚ ਜਿਹੜੀਆਂ ਤਰੇੜਾਂ ਆ ਰਹੀਆਂ ਹਨ, ਜਿਹੜੇ ਸੈਬੋਟੇਜ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਸ ਨੂੰ ਰੋਕਣ ਵਾਸਤੇ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਵਿੱਤ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਵਾਸਤੇ ਸਕੀਮਾਂ ਬਣਾਈਆਂ ਹਨ ਅਤੇ ਉਸ ਵਿਚ 12 ਹਜ਼ਾਰ ਨੌਜਵਾਨਾਂ ਨੂੰ ਨੌਕਰੀ ਦੇਣ ਵਾਸਤੇ ਕਮੇਟੀ ਬਣਾ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜੀ ਕਮੇਟੀ ਬਣਾਈ ਹੈ ਇਸ ਵਿਚ ਜਿਥੇ ਜ਼ਿਲ੍ਹੇ ਦੇ ਹੋਰ ਅਫਸਰ ਮੈਂਬਰਜ਼ ਹੋਣਗੇ ਉਥੇ ਜਿਹੜੇ ਉਸ ਜ਼ਿਲ੍ਹੇ ਦੇ ਚੁਣੇ ਹੋਏ ਨੁਮਾਇੰਦੇ ਹਨ ਉਨ੍ਹਾਂ ਨੂੰ ਵੀ ਉਸ ਕਮੇਟੀ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ।

ਸ੍ਰੀ ਸਪੀਕਰ : ਇਹ ਤਾਂ ਇਕ ਸੁਜੈਸ਼ਨ ਹੈ। ਇਹ ਇਨਫਰਮੇਸ਼ਨ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਜਿਹੜੇ ਬੇਗੁਨਾਹ ਲੋਕਾਂ ਨੂੰ ਪਿਛੇ ਉਜੜਨਾ ਪਿਆ ਹੈ ਔਰ ਹਾਲੇ ਤਕ ਉਹ ਚੰਗੀ ਤਰ੍ਹਾਂ ਵਸ ਨਹੀਂ ਸਕੇ ਉਨ੍ਹਾਂ ਨੂੰ ਮੁੜ ਵਸਾਉਣ ਵਾਸਤੇ ਸਾਡੀ ਸਰਕਾਰ ਉਨ੍ਹਾਂ ਵਾਸਤੇ ਕੀ ਸਪੈਸ਼ਲ ਇਨਸੈਂਟਿਵ ਦੇਵੇਗੀ। ਉਨ੍ਹਾਂ ਦੀਆਂ ਜਾਇਜ਼ ਮੰਗਾਂ ਹਨ ਉਨ੍ਹਾਂ ਵਾਸਤੇ ਸਰਕਾਰ ਕੀ ਕਰ ਰਹੀ ਹੈ।

ਸਰਦਾਰ ਭਾਗ ਸਿੰਘ : ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ 18 ਕਰੋੜ ਦੀ ਬਜਾਏ 90 ਕਰੋੜ ਰੁਪਿਆ ਲਾ ਐਂਡ ਆਰਡਰ ਮੇਨਟੇਨ ਕਰਨ ਤੇ ਖਰਚ ਕਰਨਾ ਪਿਆ ਹੈ। ਇਹ ਲਾ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਸਤੇ ਜਿਹੜਾ ਨਹਿਰ ਨੂੰ ਰੋਕਣ ਵਾਸਤੇ ਅੰਦੋਲਨ ਚੱਲ ਰਿਹਾ ਹੈ ਉਸ ਵਾਸਤੇ ਸਰਕਾਰ ਕੀ ਕਰੇਗੀ ? ਮੇਰੇ ਇਲਾਕੇ ਵਿਚ ਪਿੰਡ ਪਥਰੇੜੀ ਜੱਟਾਂ ਵਿਚ ਨਹਿਰ ਦੀ ਖੁਦਾਈ ਹੋ ਰਹੀ ਹੈ। ਬਾਦਲ ਸਾਹਿਬ ਨੇ ਇਸ ਖੁਦਾਈ ਨੂੰ ਰੋਕਣ ਵਾਸਤੇ ਸਪੋਰਟ ਕੀਤਾ ਹੈ।

ਸ੍ਰੀ ਸਪੀਕਰ : ਇਨ੍ਹਾਂ ਦਾ ਡਿਮਾਂਡਜ਼ ਨਾਲ ਕੋਈ ਤੁਅੱਲਕ ਨਹੀਂ ਹੈ।

ਸਰਦਾਰ ਕੁਲਦੀਪ ਸਿੰਘ ਵਡਾਲਾ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਹੈ ਕਿ ਪਿਛਲੇ ਰਾਇਟਸ ਦੇ ਵਿਚ ਜਿਹੜੀਆਂ ਫੈਮਲੀਜ਼ ਡਿਸਪਲੇਸ ਹੋਈਆਂ ਹਨ ਉਨ੍ਹਾਂ ਨੂੰ ਮੁੜ ਵਸਾਉਣ ਵਾਸਤੇ ਸਰਕਾਰ ਕੀ ਕਰ ਰਹੀ ਹੈ ?

ਸਰਦਾਰ ਸੁਰਿੰਦਰ ਪਾਲ ਸਿੰਘ ਮਜੀਠਾ : ਸਪੀਕਰ ਸਾਹਿਬ, ਮੈਂ ਇਹ ਇਨਫਰਮੇਸ਼ਨ ਲੈਣੀ ਹੈ ਕਿ ਜਿਹੜੇ ਲੋ ਲਾਈਇੰਗ ਏਰੀਆਜ਼ ਹਨ ਉਥੇ ਪਾਣੀ ਖੜ੍ਹਾ ਹੋਣ ਨਾਲ 60 ਫੀ ਸਦੀ ਝੋਨਾਂ ਕੁਝ ਖਰਾਬ ਹੋ ਗਿਆ ਹੈ ਔਰ ਉਸ ਇਨਫੀਰੀਅਰ ਝੋਨੇ ਦੀਆਂ 70 ਹਜ਼ਾਰ ਬੋਰੀਆਂ ਮੰਡੀਆਂ ਵਿਚ ਪਈਆਂ ਹਨ, ਉਸ ਝੋਨੇ ਨੂੰ ਚੁੱਕਣ ਵਾਸਤੇ ਸਰਕਾਰ ਕੀ ਕਰ ਰਹੀ ਹੈ ?

ਸ੍ਰੀ ਸਪੀਕਰ : ਐਕਚੁਅਲੀ ਜਿਹੜੇ ਮੈਂਬਰ ਸਾਹਿਬ ਸਵਾਲ ਪੁੱਛਦੇ ਹਨ, ਇਹ ਕਲੈਰੀਫਿਕੇਸ਼ਨ ਹੋਣੀ ਚਾਹੀਦੀ ਹੈ ਔਰ ਡੀਮਾਂਡਜ਼ ਦੇ ਨਾਲ ਤੁਅਲਕ ਰੱਖਦੇ ਹੋਣ।

ਵਿੱਤ ਮੰਤਰੀ : ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਬੜੀ ਅੱਛੀ ਗੱਲ ਕੀਤੀ ਹੈ ਰਿਹੈਬਲੀਟੇਸ਼ਨ ਦੇ ਬਾਰੇ ਵਿਚ। ਮੈਂ ਸਮਝਦਾ ਹਾਂ ਕਿ ਹਾਲੇ ਵੀ ਬਹੁਤ ਸਾਰੀਆਂ ਫੈਮਿਲੀਆਂ ਐਸੀਆਂ

ਹਨ ਜਿਹੜੀਆਂ ਕਿ ਇਨਸਿਕਿਓਰ ਫੀਲ ਕਰਦੀਆਂ ਹਨ। ਮੁਹਾਲੀ ਵਿਚ 500—600 ਫੈਮਲੀਆਂ ਐਸੀਆਂ ਹਨ ਔਰ ਹੋਰ ਵੀ ਸਾਰੇ ਪੰਜਾਬ ਵਿਚ ਐਸੀਆਂ ਫੈਮਲੀਆਂ ਹਨ ਜਿਹੜੇ ਆਪਣੇ ਆਪ ਨੂੰ ਇਨਸਿਕਿਓਰ ਫੀਲ ਕਰ ਰਹੇ ਹਨ। 4 ਫੈਮਲੀਜ਼ ਦਾ ਤਾਂ ਮੈਨੂੰ ਆਪ ਪਤਾ ਹੈ ਮੈਂ ਉਨ੍ਹਾਂ ਨੂੰ ਆਪ ਹੀ ਮੁਹਾਲੀ ਵਾਪਸ ਵੀ ਭੇਜਿਆ ਸੀ ਪਰ ਉਹ ਫੈਮਿਲੀਜ਼ ਫਿਰ ਵਾਪਸ ਆ ਗਈਆਂ ਹਨ ਕਿਉਂਕਿ ਉਹ ਉਥੇ ਸਿਕਿਓਰ ਫੀਲ ਨਹੀਂ ਕਰਦੀਆਂ।

ਇਨ੍ਹਾਂ ਨੂੰ ਉਹ ਉਜੜੇ ਹੋਏ ਪਰਿਵਾਰ ਨਹੀਂ ਮਿਲਦੇ ਹਨ ਅਤੇ ਨਾ ਹੀ ਇਹ ਉਨ੍ਹਾਂ ਦੀਆਂ ਗੱਲਾਂ ਵਿਚ ਹਾਂ ਮਿਲਾਉਂਦੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਸੀ. ਐਮ. ਸਾਹਿਬ ਨੂੰ ਇਨ੍ਹਾਂ ਬਾਰੇ ਬੜੀ ਹਮਦਰਦੀ ਹੈ ਅਤੇ ਇਸ ਬਾਰੇ ਅਸੀਂ ਇਕ ਕਮੇਟੀ ਵੀ ਬਣਾਈ ਹੈ ਜਿਸ ਦੇ ਚੇਅਰਮੈਨ ਸਰਦਾਰ ਸੁਖਜਿੰਦਰ ਸਿੰਘ ਇਸ ਰਿਹੈਬਲੀਟੇਸ਼ਨ ਕਮੇਟੀ ਦੇ ਚੇਅਰਮੈਨ ਬਣੇ ਹਨ ਅਤੇ ਸਰਦਾਰ ਮੇਜਰ ਸਿੰਘ ਉਬੋਕੇ, ਅਤੇ ਹੋਰ ਸਾਡੇ ਸਾਥੀ ਐਮ. ਐਲ. ਏਜ਼ ਇਸ ਕਮੇਟੀ ਦੇ ਮੈਂਬਰਜ਼ ਹਨ ਅਤੇ ਇਸ ਕਮੇਟੀ ਵਲੋਂ ਇਨ੍ਹਾਂ ਪਰਿਵਾਰਾਂ ਨੂੰ ਰਿਹੈਬਲੀਟੇਟ ਕੀਤਾ ਜਾਵੇਗਾ। ਕੁਝ ਫੈਮਿਲੀਜ਼ ਜਿਹੜੀਆਂ ਕਾਨ੍ਹਪੁਰ ਅਤੇ ਬੰਬਈ ਤੋਂ ਆਈਆਂ ਹਨ ਉਹ ਇਥੇ ਇੰਡਸਟਰੀ ਲਗਾ ਰਹੀਆਂ ਹਨ ਅਤੇ ਉਨ੍ਹਾਂ ਦੀ ਮੱਦਦ ਲਈ ਸਰਕਾਰ ਜ਼ਮੀਨ ਵੀ ਦੇ ਰਹੀ ਹੈ ਅਤੇ ਜਿੰਨਾਂ ਵੀ ਜ਼ਿਆਦਾ ਤੋਂ ਜ਼ਿਆਦਾ ਪੈਸਾ ਖਰਚ ਕਰਨ ਦੀ ਲੋੜ ਹੋਵੇਗੀ ਇਨ੍ਹਾਂ ਫੈਮਿਲੀਜ਼ ਨੂੰ ਰਿਹੈਬਲੀਟੇਟ ਕਰਨ ਵਾਸਤੇ ਉਹ ਅਸੀਂ ਖਰਚ ਕਰਾਂਗੇ। ਦੂਸਰੀ ਗੱਲ ਜਿਹੜੇ ਲੋਕ ਜੇਲ੍ਹਾਂ ਦੇ ਵਿਚ ਸਨ ਅਤੇ ਨਿਕਲ ਕੇ ਆਏ ਹਨ ਉਨ੍ਹਾਂ ਨੂੰ ਰਿਹੈਬਲੀ ਟੇਟ ਕਰਨ ਵਾਸਤੇ ਹੀ ਅਸੀਂ 8000 ਨੌਜਵਾਨਾਂ ਨੂੰ ਕੰਮ ਕਾਰ ਦੇਣ ਲਈ ਟੀਚਾ ਰੱਖਿਆ ਹੈ, ਇਸ ਦੇ ਵਿਚ ਉਹ ਲੋਕ ਸ਼ਾਮਲ ਹਨ ਜਿਹੜੇ ਅੰਦਲੋਨ ਵਿਚ ਗਏ ਅਤੇ ਡੀਟੈਨਸ਼ਨ ਵਿਚ ਰਹੇ ਅਤੇ ਦੁਖਾਂ ਦਾ ਸਾਹਮਣਾ ਕਰਨਾ ਪਿਆ ਸੀ। ਅਗਲੀ ਗੱਲ ਜਿਹੜੀਆਂ ਆਰਮੀ ਫੈਮਿਲੀਜ਼ ਹਨ ਅਤੇ ਜਿਨ੍ਹਾਂ ਵਿਚ ਕੁਝ ਵਿਡੋਜ਼ ਵੀ ਹਨ। ਇਨ੍ਹਾਂ ਨੂੰ ਵੀ ਰਿਹੈਬਲੀਟੇਟ ਕਰਨ ਵਾਸਤੇ ਸੋਚ ਰਹੇ ਹਾਂ। ਇਕ ਔਰਤ ਪਰਸੋਂ ਸਪੀਕਰ ਸਾਹਿਬ, ਮੈਨੂੰ ਮੇਰੀ ਕਾਂਸਟੀਚਿਊਐਂਸੀ ਵਿਚ ਮਿਲੀ ਸੀ ਜਿਸ ਦੇ ਦੋ ਬੱਚੇ ਹਨ ਅਤੇ ਉਸ ਦੇ ਪਤੀ ਦੀ ਚਿੱਠੀ ਉਸ ਨੂੰ ਆਈ ਸੀ ਕਿ ਉਸ ਨੂੰ 8 ਸਾਲ ਦੀ ਸਜ਼ਾ ਹੋ ਗਈ ਹੈ ਅਤੇ ਉਸ ਨੇ ਲਿਖਿਆ ਕਿ ਮੈਂ ਤੇਰੀ ਕੋਈ ਮੱਦਦ ਇਸ ਵਕਤ ਨਹੀਂ ਕਰ ਸਕਦਾ ਅਤੇ ਤੇਰਾ ਰਾਖਾ ਹੁਣ ਵਾਹਿਗੁਰੂ ਹੀ ਹੈ ਅਤੇ ਮੇਰਾ ਸਾਮਾਨ ਫਿਰੋਜ਼ਪੁਰ ਛਾਵਨੀ ਵਿਚ ਭੇਜ ਦਿੱਤਾ ਗਿਆ ਹੈ ਉਥੇ ਉਹ ਸਾਮਾਨ ਚੁੱਕ ਲਿਆ ਜਾਵੇ। ਸਪੀਕਰ ਸਾਹਿਬ, ਉਸ ਔਰਤ ਕੋਲ ਰਹਿਣ ਵਾਸਤੇ ਨਾ ਕੋਈ ਮਕਾਨ ਹੈ ਅਤੇ ਨਾ ਹੀ ਕੋਈ ਉਸ ਕੋਲ ਕੋਈ ਪਰਾਪਰਟੀ ਹੈ ਅਤੇ ਉਸ ਦੀ ਦੁਖਦਾਈ ਹਾਲਤ ਸੁਣ ਕੇ ਸਾਨੂੰ ਬਹੁਤ ਦੁਖ ਹੋਇਆ ਔਰ ਇਸ ਕਿਸਮ ਦੇ ਬਹੁਤ ਸਾਰੇ ਕੇਸਿਜ਼ ਹੋਰ ਹੋਣਗੇ। ਇਨ੍ਹਾਂ ਫੈਮਿਲੀਜ਼ ਨੂੰ ਰਿਹੈਬੀਲੀਟੇਟ ਕਰਨ ਦੀ ਸਾਡੇ ਸਾਰਿਆਂ ਤੇ ਜ਼ਿੰਮੇਵਾਰੀ ਆ ਗਈ ਹੈ ਅਤੇ ਇਸ ਨੂੰ ਅਸੀਂ ਸਾਰੇ ਨਿਭਾਵਾਂਗੇ ਅਤੇ ਇਨ੍ਹਾਂ ਫੈਮਲੀਜ਼ ਨੂੰ ਰੀਇਨਸਟੇਟ ਕਰਨ ਦੀ ਕੋਸ਼ਿਸ਼ ਕਰਾਂਗੇ ਅਤੇ 1200—1300 ਦੇ ਕਰੀਬ ਰਿਹਾ ਹੋ ਕੇ ਆ ਗਏ ਹਨ ਅਤੇ ਕੁਝ ਨੂੰ ਆਰਮੀ ਐਕਟ ਅਧੀਨ ਕੋਰਟ ਮਾਰਸ਼ਲ ਹੋ ਗਿਆ ਹੈ। ਜਿਹੜੇ ਇਸ ਕਿਸਮ ਦੇ ਪਰਿਵਾਰ ਹਨ। ਅਸੀਂ ਉਨ੍ਹਾਂ ਦੀ ਮੱਦਦ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ। ਇਸ ਦੇ ਬਾਵਜੂਦ ਸਾਡੇ ਕੋਲ ਕੋਈ ਪੈਸਾ ਨਹੀਂ ਹੈ ਪਰ ਭਾਵੇਂ ਸਾਨੂੰ ਇਨ੍ਹਾਂ ਦੀ ਖਾਤਰ ਚਾਹੇ ਸਪੈਸ਼ਲ ਸੈੱਸ ਕਿਉਂ ਨਾ ਲਗਾਉਣਾ ਪਵੇ ਅਤੇ ਇਨ੍ਹਾਂ ਪਰਿਵਾਰਾਂ ਦੀ ਮੱਦਦ ਕਰਨਾ ਸਾਡਾ ਇਖਲਾਕੀ ਫਰਜ਼ ਬਣ ਜਾਂਦਾ ਹੈ। ਜਿਹੜਾ ਵੀ ਇਫੈਕਟਿਡ ਪਰਿਵਾਰ ਹੋਵੇਗਾ ਅਸੀਂ ਉਸਦੀ ਦਿਲੋ ਜਾਨ ਨਾਲ ਮੱਦਦ ਕਰਾਂਗੇ। ਇਸੇ ਤਰ੍ਹਾਂ ਸਰਦਾਰ ਸੁਰਿੰਦਰ ਪਾਲ ਸਿੰਘ ਨੇ ਆਪਣੇ ਇਲਾਕੇ ਦੀ ਗੱਲ ਕੀਤੀ ਹੈ ਇਸ ਬਾਰੇ ਮੇਰੀ ਸੀ. ਐਮ. ਸਾਹਿਬ ਨਾਲ ਗੱਲ ਹੋ ਚੁੱਕੀ ਹੈ। ਅਸੀਂ ਥੋੜ੍ਹੀ ਜਿਹੀ ਕੱਟ ਲਗਵਾ ਕੇ ਬਾਕੀ ਸਾਰੀ ਚੁਕਾ ਲਵਾਂਗੇ। ਬਾਕੀ ਜਿਹੜੀ ਮਹਿਰਾ ਸਾਹਿਬ ਨੇ ਗੱਲ ਕੀਤੀ ਹੈ। ਇਸ ਉਤੇ ਅਸੀਂ ਵਿਚਾਰ ਕਰ ਲਾਂਵਾਂਗੇ।

Mr. Speaker : Now the guillotine is applied.

Demand. No 5

Mr. Speaker : Question is—

That a Supplementary sum not exceeding Rs. 27,47,30,000 on Revenue Account be granted to the Governor to defray the charges that will come in course of payment for the year ending 31st March, 1986, in respect of Revenue.

The Motion was carried.

Demand No. 10

Mr. Speaker : Question is—

That a Supplementary sum not exceeding Rs. 3,45,00,000 on Revenue Account be granted to the Governor to defray the charges that will come in course of payment for the year ending 31st March, 1986, in respect of District Administration.

The Motion was carried.

Demand No. 16

Mr. Speaker: Question is—

That a Supplementary sum not exceeding Rs. 1,000 on Revenue Account be granted to the Governor to defray the charges that will come in course of payment for the year ending 31st March, 1986, in respect of Education.

The Motion was carried.

Demand No. 20

Mr. Speaker : Question is—

That a Supplementary sum not exceeding Rs. 12,17,000 on Capital Account be granted to the Governor to defray the charges that will come in course of payment for the year ending 31st March, 1986, in respect of Information and Publicity.

The Motion was carried.

Demand No. 23

Mr. Speaker : Question is—

That a Supplementary sum not exceeding Rs. 4,50,00,000 on Revenue Account be granted to the Governor to defray the charges that will come in course of payment for the year ending 31st March, 1986, in respect of Social Security and Welfare.

The Motion was carried.

Demand No. 38

Mr. Speaker : Question is—

That a Supplementary sum not exceeding Rs. 41,00,00,000 on Capital Account be granted to the Governor to defray the charges that will come in course of payment for the year ending 31st March, 1986, in respect of Multipurpose River Projects.

The Motion was carried.

Demand No. 39

Mr. Speaker : Question is—

That a Supplementary sum not exceeding Rs. 18,33,00,000 be granted to the Governor to defray the charges that will come in course of payment for the year ending 31st March, 1986, in respect of Irrigation, Drainage and Flood Control.

The Motion was carried.

Mr. Speaker : The House stands adjourned till 2·30 P. M. today.

*12.28 P.M. *(The Sabha then adjourned *till 2.30 P. M. today, the 5th November, 1985.)*

APPENDIX

TO

PUNJAB VIDHAN SABHA DEBATES

Dated 5th November, 1985 (Morning Sitting)

Vol. I—No. 10

STARRED QUESTION AND ANSWER

Taking over the villages of Dhar Block in Pathankot Sub-Division.

*43. **Master Mohan Lal**: Will the Minister for Revenue and Rehabilitation be pleased to state—

(a) the date on which the acquisition process for taking over the villages of Dhar Block in Pathankot Sub-Division was started and the date on which the land was actually taken and handed over to the Ministry of Defence, Government of India ;

(b) whether the price fixed by the said Ministry has been paid to the owners of land; if so, the total amount thereof and the date on which the payment was made ;

(c) whether the enhanced price as fixed by the Court in an appeal by the owners of the said land has been paid; if not, the reasons therefor ;

(d) whether the Government have paid the value of the trees and gardens in the acquired area; if so, when and if not, the reasons therefor ?

Sardar Surjit Singh Barnala (Chief Minister): (a) Acquisition process for taking over the villages of Dhar Block was started on 8th September, 1976. The possession of the land was taken over during the year 1979-80 by the Ministry of Defence, Government of India ;

(b) Yes, the compensation of land amounting to Rs. 1,07,20,843·13 has been paid to the ex-land owners by the Government of India, Ministry of Defence, the compensation was paid during the period 21st June, 1979 to 30th January 1980;

(c) The enhanced compensation as fixed by the court has been paid to those ex-landowners who filed execution applications in the court;

(d) The compensation for trees has not been paid because assessment of compensation in respect of fruit bearing trees is awaited from the Horticulture Department of the Government of Punjab.

19538 PAS—Govt. Press, Chd.

Published under the authority of the Punjab Vidhan Sabha Secretariat and printed by the Controller, Govt. Press, U.T., Chandigarh.